

# ਅਤਿਰੀਵ

ਚਰਨ ਸਿੰਘ

# ਅੰਤਰੀਵ

(ਕਾਵਿ ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼:
ਪੰਜਾਬ ਬੁੱਕ ਸੈਂਟਰ

# ANTREEV

(A Collection of Poems)

By : CHARAN SINGH
9251 ARVIDA, DR.
RICHMOND B.C.
V7A4K5
CANADA
Phone : 604-448-0331

© Author

Edition : 2010

Price : Rs. 130/-

Title Designed by : Daljeet Saini

**Published by :**

Punjab Book Centre
Sector 22, Chandigarh
Tel. : 0172-2701952, 2785056

---

ਅੰਤਰੀਵ (ਕਾਵਿ-ਸੰਗ੍ਰਹਿ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ।
ਫੋਨ : 094170-72466

## ਜਸਪਾਲ ਸਿੰਘ ਸੰਧੂ ਦੇ ਨਾਂ

ਇਸੇ ਕਲਮ ਤੋਂ

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੁਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸ੍ਰੋਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜ੍ਹਕੋ ਮੁੜ੍ਹਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010

# ਚਰਨ ਸਿੰਘ ਦਾ ਜੀਵਨ—ਬਿਓਰਾ

ਨਾਮ : ਚਰਨ ਸਿੰਘ

ਜਨਮ : ਪਿੰਡ ਬੋਗੋਵਾਲ, ਨਵੰਬਰ 1/1947

ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ

ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ

ਪਤਨੀ : ਪ੍ਰਕਾਸ਼ ਕੌਰ

ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ

ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ

ਐਮ.ਏ. ਪੰਜਾਬੀ

ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

## ਛਪਾਈ ਅਧੀਨ ਪੁਸਤਕਾਂ

(1) ਤੋਤਲੇ ਗੀਤ

(2) ਹੋਂਦ ਦੀ ਤਲਾਸ਼ (ਲੰਬੀ ਕਵਿਤਾ)

(3) ਪ੍ਰਕਰਮਾ (ਕਾਵਿ ਸੰਗ੍ਰਹਿ)

(4) ਤ੍ਰੈਕਾਲ (ਕਾਵਿ ਸੰਗ੍ਰਹਿ)

(5) ਤ੍ਰਿਵੇਣੀ (ਕਾਵਿ ਸੰਗ੍ਰਹਿ)

(6) ਰਿਸ਼ਮਾ (ਕਾਵਿ ਸੰਗ੍ਰਹਿ)

(7) ਦਰਪਣ (ਕਾਵਿ ਸੰਗ੍ਰਹਿ)

(8) ਬੁੱਕਲ (ਕਾਵਿ ਸੰਗ੍ਰਹਿ)

(9) ਕਿਵ ਸੱਚਿਆਰਾ ਹੋਈਐ (ਨਾਟਕ)

## ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMOREAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੁਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ
ਚਰਨ ਸਿੰਘ ਦੀਆਂ ਪੁਸਤਕਾਂ ਤੇ Ph.D. ਕੀਤੀ

----

# ਤਤਕਰਾ


1. ਇਤਿਹਾਸ ਦਾ ਦੁਖਾਂਤ

2. ਸਿੱਧ ਪੁੱਠ

3. ਖਲਾਅ ਵਿਚ ਸੁਰਾਖ਼

4. ਹਸਤਨਾਪੁਰ ਦੀ ਚੁੱਪ

5. ਵਿੱਦਿਆ ਤੇ ਮਨੁੱਖ

6. ਮੈਂ ਵਿਚ ਮੈਂ

7 ਪ੍ਰਦੂਸ਼ਣ

8. ਮੋਈ ਖੁਸ਼ਬੂ

9. ਪੜਾਅ

10. ਓਪਰੇ ਫੇਫੜੇ ਉਧਾਰੇ ਸਾਹ

11. ਭੂਤ

12. ਅਸੁਰਤੀ ਤੋਂ ਸੁਰਤੀ ਤੱਕ

13. ਸੁੰਦਰਤਾ

14. ਮੋਮੀ ਲੋਕ

15. ਸਵੈ-ਨਿਰਭਰਤਾ

16. ਬੁੱਧੀ ਤੇ ਦਿਲ

17. ਘੋੜਾ

18. ਰੁੱਤ ਤੇ ਚੁੱਪ

19. ਸ਼ਹਿਰ ਤੇ ਪਿੰਡ

# ਇਤਿਹਾਸ ਦਾ ਦੁਖਾਂਤ

ਮੈਂ ਇਤਿਹਾਸ
ਜੋ ਮਹਿੱਲਾਂ ਯੁੱਧਾਂ ਬਾਦਸ਼ਾਹਤਾਂ
ਤਖ਼ਤ ਦੇ ਬੋਲਾਂ ਤੇ ਸਲਤਨਤ ਤਕ ਸੀਮਤ ਸੀ
ਸਲਤਨਤ ਤੋਂ ਸਲਤਨਤ ਤਕ ਦਾ ਸਫ਼ਰ ਸੀ
ਤਲਵਾਰ ਦੀ ਧਾਰ ਚੋਂ ਜਨਮਿਆਂ
ਤੇ ਤਲਵਾਰ ਦੀ ਧਾਰ ਤਕ ਹੀ ਮੇਰਾ
ਵਿਸਥਾਰ ਸੀ
ਲਹੂ ਦੀ ਸਿਹਾਈ ਨਾਲ ਲਿਖਿਆ
ਮੇਰੇ ਵਰਕਿਆਂ ਤੇ ਸਲਤਨਤ ਦੀਆਂ
ਉਮਰਾਂ ਦਾ ਹਿਸਾਬ ਸੀ
ਮੇਰਾ ਭੂਤ ਹੀ ਮੇਰਾ ਵਰਤਮਾਨ ਸੀ
ਦਰਬਾਰ ਹੀ ਮੇਰੀ ਧਰਤ ਸੀ
ਤਖ਼ਤ ਹੀ ਮੇਰਾ ਅਸਮਾਨ ਸੀ
-0-
ਮਹਿੱਲਾਂ ਕਿਲ੍ਹਿਆਂ ਤਲਵਾਰਾਂ ਢਾਲਾਂ
ਤੀਰ ਕਮਾਨਾਂ ਹਾਥੀਆਂ ਦੀਆਂ ਚਿੰਗਾੜਾਂ
ਘੋੜਿਆਂ ਦੀਆਂ ਟਾਪਾਂ ਸੈਨਾਂ ਦੀਆਂ ਟੁੱਕੜੀਆਂ
ਤੇ ਰਣਭੂਮੀ ਦੇ ਖੇਤਰ 'ਚ
ਦੌੜਦਾ ਤੇ ਡੁੱਲ੍ਹਦਾ ਮੇਰਾ ਲਹੂ ਸੀ
ਮੇਰੀ ਜ਼ਿੰਦਗੀ ਦਾ ਸਰੋਕਾਰ ਸੀ
ਮਹਿੱਲਾਂ ਦਾ ਅੰਦਰ ਤੇ ਆਲਾ ਦੁਆਲਾ
ਮੇਰਾ ਆਦਿ ਸੀ ਮੇਰਾ ਅੰਤ ਸੀ
-0-
ਮੈਂ ਆਪਣੇ ਆਪ 'ਚ
ਆਪਣੇ ਸਮੇਂ ਦਾ ਦਰਪਣ ਹੋਣ
ਦਾ ਭਰਮ ਸਾਂ

ਸਾਗਰ ਹੋਣ ਦਾ ਭੁਲੇਖਾ ਸਾਂ
ਚੰਨਾਂ ਸੂਰਜਾਂ ਤਾਰਿਆਂ ਤੇ ਅਕਾਸ਼ ਦਾ
ਭੁੱਲੇਖਾ ਸਾਂ
ਜੋ ਮੇਰੇ ਚਿਹਰੇ ਤੇ ਲਿਖਿਆ ਨਹੀਂ ਸੀ ਗਿਆ
ਮੈਂ ਉਸ ਅਲਿੱਖੇ ਦਾ ਕੋਰਾ ਲੇਖਾ ਸਾਂ

-0-

ਮੈਂ ਆਪਣੇ ਪੈਰ
ਮਹਿੱਲਾਂ ਤੋਂ ਬਾਹਰ ਨਹੀਂ ਪੁੱਟੇ
ਬਾਦਸ਼ਾਹਤ ਦਾ ਲਿਬਾਸ ਤੇ ਜ਼ੁਬਾਨ
ਆਪਣੀ ਜ਼ੁਬਾਨ ਤੇ ਦੇਹ ਤੋ ਨਹੀਂ ਉਤਾਰੀ
ਮੈਂ ਆਪਣੀ ਖਾਲੀ ਦੇਹ ਦੇ ਵਰਕਿਆਂ ਤੇ
ਕਦੀ ਨਜ਼ਰ ਨਹੀਂ ਮਾਰੀ
ਮਹਿੱਲਾਂ ਦੀ ਚਾਰਦੁਆਰੀ ਤੋਂ
ਬਾਹਰ ਨਹੀਂ ਝਾਕਿਆ

-0-

ਬੇਗਮਾਂ ਦੇ ਹੁਸਨ ਤੇ ਬਾਦਸ਼ਾਹਾਂ
ਦੇ ਇਸ਼ਕ
ਸੁਰਾਹੀਆਂ ਤੇ ਸੋਮ ਰੱਸ ਦੇ ਸਾਗਰ
'ਚ ਡੁੱਬਾ ਰਿਹਾ
ਦਰਿਆਵਾਂ ਤੇ ਨਦੀਆਂ ਦੇ
ਜਿਸਮ ਨਹੀਂ ਹੰਢਾਏ
ਸਾਗਰ ਦਾ ਚਿਹਰਾ ਨਹੀਂ ਤੱਕਿਆ
ਆਪਣੇ ਖਾਲੀ ਵਰਕਿਆਂ ਚੋਂ
ਆਪਣਾ ਆਪਾ ਨਹੀਂ ਵੇਖਿਆ
ਮਨੁੱਖ ਤੇ ਮਨੁੱਖਤਾ
ਪ੍ਰਕਿਰਤੀ ਤੇ ਕਾਦਰ ਆਪਣੀ ਦੇਹ 'ਚ
ਨਹੀਂ ਵਸਾਏ
ਸਲਤਨਤਾਂ ਦੀਆਂ ਧਰਤੀਆਂ ਤੇ
ਅਸਮਾਨਾਂ 'ਚ ਵਿਚਰਦਾ ਰਿਹਾ

ਮਹਿੱਲਾਂ ਦੀ ਸ਼ੋਭਾ ਅਸੋਭਾ ਦਾ
ਸਫ਼ਰ ਕਰਦਾ ਰਿਹਾ
ਮੈਂ ਆਪਣਾ ਸਹਿਰਾ
ਸਾਗਰ ਸਮਝ ਕੇ ਤਰਦਾ ਰਿਹਾ

-0-

ਮੈਂ ਇਤਿਹਾਸ
ਆਪਣਾ ਅਧੂਰਾਪਣ ਭਰਨ ਲਈ
ਤਖ਼ਤ ਨੂੰ ਕੰਡ ਦੇ ਕੇ ਮਹਿੱਲਾਂ ਨੂੰ ਤਿਆਗ
ਮਨੁੱਖ ਮਨੁੱਖਤਾ
ਕੁਦਰਤ ਤੇ ਕਾਦਰ ਨੂੰ
ਆਪਣੀ ਦੇਹ ਚ ਉਤਾਰਿਆ
ਆਪਣੇ ਖਾਲੀ ਵਰਕਿਆਂ 'ਚ
ਆਪਾ ਬੀਜਿਆ
ਮਨੁੱਖ ਦਾ ਜੀਵਨ ਪ੍ਰਵਿਰਤੀਆਂ
ਵਿਚਰਨ ਧਰਾਤਲ ਰਾਹ ਦਿਸ਼ਾਵਾਂ
ਤੇ ਦ੍ਰਿਸ਼ਟੀਆਂ
ਆਪਣੇ ਲਹੂ 'ਚ ਉਤਾਰੀਆਂ
ਮਨੁੱਖ ਦੇ ਸਮਾਜਕ ਰਿਸ਼ਤੇ ਔਕੜਾਂ
ਸੰਸਕਾਰ ਰਸ਼ਮਾਂ ਰੀਤਾਂ ਰਿਵਾਜ਼
ਆਪਣੇ ਨੈਣਾਂ 'ਚ ਪਾ ਲਏ
ਆਪਣੇ ਦੇਹ 'ਚ ਵਸਾ ਲਏ।

-0-

ਮਨੁੱਖਾ ਧਰਮ
ਸਭਿਆਚਾਰ ਬੋਲੀ ਭਾਸ਼ਾ
ਦਰਸ਼ਨ ਤੇ ਵਿਗਿਆਨ
ਮਨੁੱਖ ਚੋਂ ਮਨੁੱਖਤਾ ਦਾ ਜਨਮ
ਮਨੁੱਖਤਾ 'ਚ ਮਨੁੱਖ ਦੀ ਪਹਿਚਾਣ
ਆਪਣੇ ਸੀਨੇ ਵਸਾਏ

ਮਨੁੱਖ ਦੀ ਧਰਤੀ ਮਨੁੱਖ ਦਾ ਅੰਬਰ
ਆਪਣੀਆਂ ਤਲੀਆਂ ਤੇ ਉਠਾਏ
ਮਨੁੱਖ ਨੂੰ ਆਪਣੇ ਅੰਦਰ ਉਤਾਰਿਆ
ਮਨੁੱਖਾ ਦੇਹ ਦੀ ਹੋਂਦ ਨੂੰ ਪਰਖਿਆ
ਮੌਤ ਤੋਂ ਪਹਿਲਾਂ ਮਨੁੱਖ ਦੇ ਜੀਵਨ ਨੂੰ
ਸਮਝਿਆ
ਮੌਤ ਤੋਂ ਪਿੱਛੋਂ ਮਨੁੱਖ ਦਾ ਅਧਿਆਤਮਕ
ਸਫ਼ਰ ਜਾਣਿਆ
ਮਨੁੱਖ ਦੇ ਦਿਲ ਦੀ ਧੜਕਣ
ਪ੍ਰਾਣਾਂ ਦਾ ਰਿਦਮ
ਆਪਣੇ ਦਿਲ 'ਚ ਉਤਾਰਿਆ

-0-

ਦੇਹ ਵਿਚਲੇ ਬ੍ਰਹਿਮੰਡ ਪਤਾਲ ਅਕਾਸ਼
ਧਰਤੀਆਂ
ਚੰਨਾਂ ਸੂਰਜਾਂ ਤਾਰਿਆਂ ਦੀ ਹੋਂਦ
ਤੇ ਖਲਾਆਂ ਨੂੰ ਸਮਝਿਆ
ਮਨੁੱਖ ਪ੍ਰਕਿਰਤੀ ਤੇ ਕਾਦਰ ਦੀ
ਇਕਾਈ ਜਾਣੀ
ਮਨੁੱਖ ਦਾ ਕਰਮ ਕਾਰਜ ਕਾਰਨ
ਤੇ ਜੀਵਨ ਦਾ ਲਕਸ਼ ਸਮਝਿਆ
ਮਨੁੱਖ ਦਾ
ਬਚਪਣ ਜੁਆਨੀ ਬੁੱਢਾਪਾ
ਜੀਵਿਆ
ਪਲ ਪਲ ਦੀ ਹੋਂਦ 'ਚ
ਜੀਵਨ ਜੋਤ ਨਜ਼ਰ ਆਈ
ਮੈਂ ਇਤਿਹਾਸ
ਮੇਰੇ ਵਜੂਦ 'ਚ ਮਨੁੱਖਤਾ ਕਾਦਰ
ਤੇ ਪ੍ਰਕਿਰਤੀ ਉਤਰ ਆਈ

-0-

ਮੇਰੇ ਅੰਦਰ ਧਰਤੀ ਦੀ ਸੁਗੰਧ
ਤੇ ਅੰਬਰ ਦੀ ਉੱਚਾਈ ਸਿਮਟ ਗਈ
ਮੈਂ ਜ਼ੱਰੇ ਤੋਂ ਸਹਿਰਾ
ਬੂੰਦ ਤੋਂ ਸਾਗਰ ਹੋ ਗਿਆ
ਮੇਰੇ
ਖਾਲੀ ਵਰਕਿਆਂ ਚੋਂ
ਹਵਾ ਜਨਮੀ ਅੱਗਣ ਜਨਮੀ
ਮੇਰੇ ਨੈਣਾਂ 'ਚ ਸਾਗਰ ਉਮੜ ਆਏ
ਮੇਰੇ ਭੂਤ 'ਚ ਵਰਤਮਾਨ ਟੁਰਿਆ
ਮੇਰੀ ਦੇਹ 'ਚ
ਜ਼ਿੰਦਗੀ ਤੇ ਜੀਵਨ ਉਤਰ ਆਏ

-0-

ਮੈਂ ਸਮੂਹਕ ਜੀਵਨ ਦਾ ਦਰਪਣ ਤੇ
ਵਿਸਥਾਰ ਹੋ ਗਿਆ
ਮੈਂ ਭੂਤ ਵਰਤਮਾਨ ਤੇ ਭਵਿੱਖ ਦੀ
ਬੰਦਸ਼ ਤੋਂ ਆਰ ਪਾਰ ਹੋ ਗਿਆ

-0-

ਮੇਰੇ ਜੰਗਲਾਂ 'ਚ ਸ਼ਹਿਰ ਉੱਗੇ
ਮੇਰੇ ਖੰਡਰਾਂ ਚੋਂ
ਸਭਿਆਤਾਵਾਂ ਜਨਮੀਆਂ
ਮੇਰੇ ਰੁੱਖਾਂ ਤੇ ਕੱਚ ਦੇ ਆਲ੍ਹਣਿਆਂ 'ਚ
ਕੱਚ ਦੇ ਪੰਛੀਆਂ ਦਾ ਵਸੇਰਾ ਹੋ ਗਿਆ
ਰੌਸ਼ਨੀ ਦੇ ਸਾਗਰ 'ਚ
ਮੇਰਾ ਵਜੂਦ ਢਲ ਗਿਆ
ਕੱਚ ਦੇ ਨਗਰਾਂ ਦੀ ਰੌਸ਼ਨੀ
ਮੇਰੀ ਦੇਹ 'ਚ ਫੈਲੀ

ਮੇਰੇ ਜੰਗਲ 'ਚ ਚਾਨਣ ਦੀ ਬਰਸਾਤ ਹੋਈ
ਮੇਰੀ ਧੂੰਨੀ ਚੋਂ
ਦਰਸ਼ਨ ਤੇ ਵਿਗਿਆਨ ਜਨਮੇਂ
ਵੇਦ ਸ਼ਾਸਤਰ ਗੀਤਾ ਗ੍ਰੰਥ ਤੇ
ਕੁਰਾਨ ਜਨਮੇਂ
ਮੇਰੇ ਵਿਗਿਆਨ ਚੋਂ ਅੰਬਰ ਦਾ
ਦਰ ਖੁੱਲ੍ਹਾ
ਬੁੱਧ ਬੋਧ ਤੇ ਦਰਸ਼ਨ ਨੇ
ਮਨੁੱਖ ਦਾ ਪੋਟਾ ਪੋਟਾ ਗਾਹਿਆ
ਮਨੁੱਖ ਦੇ ਦੁਆਲੇ ਦਾ ਬ੍ਰਹਿਮੰਡ
ਮਨੁੱਖ 'ਚ ਜਿਉਂਦਾ ਵੇਖਿਆ
ਮਨੁੱਖ ਦਾ ਤੇ ਜੀਵਨ ਦਾ ਸੱਚ
ਸਮਝਿਆ

-0-

ਮੈਂ ਬੂੰਦ
ਆਪਣੇ ਆਪ ਨੂੰ ਸਾਗਰ
ਸਮਝਦਾ ਰਿਹਾ
ਮੈਂ ਜੱਰਾ
ਸਹਿਰਾ ਦਾ ਭਰਮ ਜਿਉਂਦਾ ਰਿਹਾ
ਮੈਂ ਬਿੰਦੂ
ਦਾਇਰਿਆਂ ਦਾ ਭੁੱਲੇਖਾ ਸਾਂ
ਮੈਂ ਇਤਿਹਾਸ
ਮੁਕੰਮਲ ਭੂਤ ਤੇ ਵਰਮਤਾਨ ਦੇ
ਭਵਿੱਖ 'ਚ
ਲੰਗੜਾ ਲੇਖਾ ਸਾਂ

-0-

ਹੁਣ ਮੈਂ
ਬੀਤੇ ਦਾ ਦਰਪਣ ਹਾਂ
ਅੱਜ ਦਾ ਚਿਹਰਾ ਭਵਿੱਖ ਦਾ ਸਵੇਰਾ ਹਾਂ
ਮਹਿੱਲਾਂ ਤੋਂ ਕੁਲੀਆਂ
ਤਕ ਦਾ ਸਫ਼ਰ ਹਾਂ
ਰਾਜਿਆਂ ਰੰਕਾਂ ਤੇ ਪਰਜਾ ਦੀ
ਅਵਾਜ਼ ਹਾਂ
ਮੈਂ ਸਮੂਹਕ ਜੀਵਨ ਦਾ ਵਿਸਥਾਰ ਹਾਂ
ਮੈਂ
ਸਮੇਂ ਦੀ ਬੰਦਸ਼ ਤੋਂ ਆਰ ਪਾਰ ਹਾਂ
ਮੈਂ ਆਪਣੇ ਖਾਲੀ ਵਰਕਿਆਂ ਚੋਂ
ਗੂੰਜਦੀ
ਤਖ਼ਤ ਤੇ ਪਰਜਾ ਦੀ ਅਵਾਜ਼ ਹਾਂ ।

------

## ਸਿੱਧ ਪੁੱਠ

ਆਪਣੀ ਤਨਹਾਈ ਨੂੰ ਢੂੰਡਦੇ ਢੂੰਡਦੇ
ਸ਼ਹਿਰ 'ਚ ਜੰਗਲ ਉੱਗਾ ਲਿਆ
ਆਪਣੀ ਰੌਣਕ ਭਾਲ਼ਦੇ ਭਾਲਦੇ
ਜੰਗਲ 'ਚ ਸ਼ਹਿਰ ਲੈ ਆਏ

–0–

ਤੇਰੇ ਦੋ ਬੋਲ ਸੁਣਨ ਲਈ
ਆਪਣੇ ਦੋ ਬੋਲ ਕਹਿਣ ਲਈ
ਸਹਿਰਾ ਚੋਂ ਸਾਗਰ ਉੱਗਾ ਲਿਆ
ਸਾਗਰ 'ਚ ਸਹਿਰਾ ਵਸਾ ਲਿਆ
ਤੇਰੇ ਤੇ ਆਪਣੇ ਬੋਲਾਂ ਵਿਚਲਾ
ਫ਼ਾਸਲਾ ਮਿਟਾ ਲਿਆ
ਇੱਕ ਕੰਠ ਹੋ ਗਏ
ਇੱਕ ਬੋਲ ਹੋ ਗਏ
ਅਰਥਾਂ ਦੀ ਰੂਹ ਹੋ ਗਏ

–0–

ਮੈਂ
ਆਪਣੀ ਤਨਹਾਈ ਲੈ
ਸ਼ਹਿਰ ਤੋਂ ਜੰਗਲ ਵਲ ਟੁਰਿਆ
ਤੂੰ ਆਪਣੀ ਰੌਣਕ ਲੈ
ਜੰਗਲ ਤੋਂ ਸ਼ੀਸ਼ੇ ਦੇ ਨਗਰ ਵਲ ਟੁਰੀ
ਮੈਂ ਤਨਹਾਈ ਚੋਂ ਰੌਣਕ ਢੂੰਡਦਾ
ਤੇਰੀ ਦੇਹ 'ਚ ਉਤਰ ਗਿਆ
ਤੂੰ ਰੌਣਕ ਚੋਂ ਤਨਹਾਈ ਭਾਲਦੀ
ਮੇਰੇ ਲਹੂ 'ਚ ਉਤਰ ਗਈ
ਮੇਰੇ ਚਿਹਰੇ ਤੇ ਰੌਣਕ ਉੱਗ ਆਈ
ਤੇਰੇ ਚਿਹਰੇ ਤੇ ਤਨਹਾਈ ਪਸਰ ਗਈ
ਆਪਣੀ ਜੁਦਾਈ ਚੋਂ ਮੇਲ ਜਨਮਿਆ
ਆਪਣੇ ਮੇਲ ਚੋਂ ਜੁਦਾਈ ਪੁੰਗਰ ਪਈ

–0–

ਜੇ ਜੁਦਾਈ ਨਾ ਹੁੰਦੀ
ਤਾਂ ਮੇਲ ਦਾ ਅਹਿਸਾਸ ਨਾ ਹੁੰਦਾ
ਉਜਾੜ ਨਾ ਹੁੰਦੀ
ਤਾਂ ਆਬਾਦੀ ਕੀ ਹੁੰਦੀ
ਪੁੱਠੇ ਪੈਰੀਂ ਟੁਰਿਆ ਜੇ ਸਫ਼ਰ ਨਾ ਵਧਦਾ
ਤਾਂ ਸਿੱਧੇ ਪੈਰੀਂ ਟੁਰਿਆਂ
ਘੱਟਦੇ ਸਫ਼ਰ ਦਾ ਅਹਿਸਾਸ ਕੀ ਹੁੰਦਾ
ਜੇ ਤੇਰੀ ਤੇ ਮੇਰੀ
ਵੱਖਰੀ ਵੱਖਰੀ ਦਿਸ਼ਾ ਨਾ ਹੁੰਦੀ
ਤਾਂ ਆਪਣਾ ਸਾਥ ਕੀ ਹੁੰਦਾ

-0-

ਉਲਟ ਦਿਸ਼ਾਵਾਂ ਚੋਂ ਹੀ
ਸਿੱਧੀਆਂ ਦਿਸ਼ਾਵਾਂ ਦਾ ਜਨਮ ਹੁੰਦਾ ਹੈ
ਜੰਗਲ ਜਦ ਸਿੱਧੇ ਪੈਰੀਂ ਟੁਰਦਾ ਹੈ
ਤਾਂ ਉਸ ਚੋਂ ਸ਼ੀਸ਼ੇ ਦਾ ਸ਼ਹਿਰ ਜਨਮਦਾ ਹੈ
ਸ਼ਹਿਰ ਜਦ ਪੁੱਠੇ ਪੈਰੀਂ ਟੁਰਦਾ ਹੈ
ਤਾਂ ਉਸ ਚੋਂ ਜੰਗਲ ਜਨਮਦਾ ਹੈ
ਸ਼ਹਿਰ ਚੋਂ ਜੰਗਲ ਜੰਗਲ ਚੋਂ
ਸ਼ਹਿਰ ਉਪਜਣਾ
ਵਿਪਰੀਤ ਦਿਸ਼ਾਵਾਂ ਦਾ ਸਿੱਟਾ ਹੈ
ਤੁਫ਼ਾਨ ਝੱਖੜ ਹਨ੍ਹੇਰੀਆਂ
ਵਿਪਰੀਤ ਹਵਾਵਾਂ ਦਾ ਸਿੱਟਾ ਹੈ

-0-

ਤੇਰੀਆਂ
ਮੇਰੀਆਂ ਵਿਪਰੀਤ ਦਿਸ਼ਾਵਾਂ 'ਚ
ਸ਼ਹਿਰ ਵੀ ਹੈ ਜੰਗਲ ਵੀ ਹੈ
ਰੌਣਕ ਵੀ ਹੈ ਤਨਹਾਈ ਵੀ ਹੈ

ਧਰਤੀ ਦੀ ਮਹਿਕ ਵੀ ਹੈ
ਅੰਬਰ ਦੀ ਉੱਚਾਈ ਵੀ ਹੈ
ਸਹਿਰਾ ਦੀ ਤਪਸ਼ ਵੀ ਹੈ
ਸਾਗਰ ਦੀ ਗਹਿਰਾਈ ਵੀ ਹੈ
ਮਾਨਵਤਾ ਦਾ ਸੱਚ ਵੀ ਹੈ
ਮਨੁੱਖ ਦੀ ਸੱਚਾਈ ਵੀ ਹੈ
ਦੇਹ 'ਚ ਜੰਗਲ ਵੀ ਹੈ
ਸਿਰ 'ਚ ਸ਼ੀਸ਼ੇ ਦਾ ਅਕਸ ਵੀ ਹੈ।

-0-

ਆਪਣੀਆਂ ਅੱਖਾਂ ਤੇ ਲਾਈਆਂ
ਹਰੀਆਂ ਐਨਕਾਂ ਚੋਂ ਜੇ ਸ਼ਹਿਰ ਤੱਕੇਂਗੀ
ਤਾਂ ਹਰਾ ਜੰਗਲ ਨਜ਼ਰ ਆਵੇਗਾ
ਲਾਲ ਐਨਕਾਂ ਨਾਲ ਜੰਗਲ ਤੱਕੇਂਗੀ
ਤਾਂ ਸੜਦਾ ਸ਼ਹਿਰ ਨਜ਼ਰ ਆਵੇਗਾ

-0-

ਜੇ ਹਰੀਆਂ ਲਾਲ ਐਨਕਾਂ ਉਤਾਰੇਂਗੀ
ਸ਼ਹਿਰ ਦਾ ਕੱਚ ਨਜ਼ਰ ਆਵੇਗਾ
ਜੰਗਲ ਦਾ ਸੱਚ ਨਜ਼ਰ ਆਵੇਗਾ
ਆਪਣੀਆਂ ਨਜ਼ਰਾਂ ਨਾਲ ਵੇਖ
ਉਧਾਰੀਆਂ ਨਜ਼ਰਾਂ ਨਾਲ ਨਾ ਵੇਖ
ਆਪਣੀਆਂ ਨਜ਼ਰਾਂ 'ਚ ਸੱਚ ਹੈ

-0-

ਬੀਜ ਦੀ ਦਿਸ਼ਾ ਤੋਂ
ਰੁੱਖ ਹਮੇਸ਼ਾਂ ਉਲਟ ਉੱਗਦਾ ਹੈ
ਨਦੀਆਂ ਦਰਿਆ ਝਰਨੇ
ਆਪਣੇ ਮੁੱਢ ਤੋਂ
ਆਪਣੀ ਜੜ੍ਹ ਤੋਂ ਉਲਟ ਵਗਦੇ ਹਨ
ਬਨਾਸਪਤੀ ਜੜ੍ਹ ਦੇ ਖਿਲਾਫ਼ ਉੱਗਦੀ ਹੈ

-0-

ਮਨੁੱਖ ਆਪਣੇ ਪੈਰਾਂ ਦੇ ਉਲਟ
ਵਿਕਸਤ ਹੁੰਦਾ ਹੈ
ਅੱਗ ਦੀਆਂ ਲਪਟਾਂ
ਜੜ੍ਹ ਤੋਂ ਉਲਟ ਉੱਠਦੀਆਂ ਹਨ
ਸੂਰਜ ਦੀਆਂ ਕਿਰਨਾਂ
ਚੰਨ ਦੀਆਂ ਰਿਸ਼ਮਾਂ
ਸਭ ਉਲਟ ਦਿਸ਼ਾਵੀ ਹਨ
ਹਵਾ ਹਰ ਦਿਸ਼ਾ 'ਚ ਭੌਂਦੀ ਹੈ
ਚੰਨ ਸੂਰਜ ਤਾਰੇ ਅਕਾਸ਼ ਬ੍ਰਹਿਮੰਡ
ਆਪਣੀ ਆਪਣੀ ਪ੍ਰਕਰਮਾ ਕਰਦੇ ਹਨ
ਬਹਾਰਾਂ ਮੌਸਮ ਪੱਤਝੜਾਂ
ਹਰ ਦਿਸ਼ਾ 'ਚ ਵਿਚਰਦੇ
ਬੱਦਲ ਹਰ ਦਿਸ਼ਾ 'ਚ ਟੁਰਦਾ ਹੈ
ਵਰ੍ਹਦਾ ਹੈ
ਸੁਬ੍ਹਾ ਹਰ ਦਿਸ਼ਾ 'ਚ ਹੁੰਦੀ ਹੈ
ਦਿਨ ਹਰ ਦਿਸ਼ਾ 'ਚ ਚੜ੍ਹਦਾ ਹੈ
ਰਾਤ ਹਰ ਦਿਸ਼ਾ 'ਚ ਪਸਰਦੀ ਹੈ

-0-

ਇਹ
ਵਿਪਰੀਤ ਅਤੇ ਅਵਿਪਰੀਤ
ਦਿਸ਼ਾਵਾਂ ਹੀ
ਬ੍ਰਹਿਮੰਡ ਦਾ ਸੰਤੁਲਨ ਹਨ
ਬ੍ਰਹਿਮੰਡ ਦਾ ਸਹਿਜ ਹਨ ਰਿਦਮ ਹਨ
ਇਹ ਦੋ ਪੱਖੀ ਦਿਸ਼ਾਵਾਂ ਹੀ
ਬ੍ਰਹਿਮੰਡ ਦਾ ਵਜ਼ੂਦ ਹਨ ਗਤੀ ਹਨ
ਨਿਰੰਤਰਤਾ ਹਨ
ਜੀਵਨ ਦੀ ਇਕਸਾਰਤਾ ਹਨ
ਜੀਵਨ ਦੀ ਸਹੀ ਸੇਧ ਦੀ ਉਸਾਰਤਾ ਹਨ

-0-

ਵਿਪਰੀਤ 'ਤੇ ਅਵਿਪਰੀਤ
ਦਿਸ਼ਾਵਾਂ ਦੀ ਸਮਾਨ ਅੰਤਰ ਹੋਂਦ ਹੈ
ਸਮਾਨ ਅੰਤਰ ਕਾਰਜ ਕਰਮ ਤੇ
ਕਾਰਜ ਪ੍ਰਣਾਲੀ ਹੈ
ਸਿੱਧੀਆਂ ਤੇ ਉਲਟ ਦਿਸ਼ਾਵਾਂ ਚੋਂ ਹੀ
ਜੀਵਨ ਦੀ ਇਕਾਈ
ਤੇ ਇਕਸੁਰਤਾ ਜਨਮਦੀ ਹੈ
ਕਿਉਂਕਿ ਦੋਹਾਂ ਦੀ ਜੜ੍ਹ ਇਕੋ ਹੈ
ਇਕ ਦੂਜੀ ਦੀ ਸ਼ਕਤੀ ਹਨ ਹਸਤੀ ਹਨ

-0-

ਤੇਰੇ ਤੇ ਮੇਰੇ ਲਈ ਵਿਪਰੀਤ ਦਿਸ਼ਾਵਾਂ
ਤੇਰਾ ਤੇ ਮੇਰਾ ਸੱਚ ਹਨ
ਤੇਰੇ ਤੇ ਮੇਰੇ ਰਿਸ਼ਤੇ ਦੀ ਉਮਰ ਹਨ
ਤੇਰੇ ਤੇ ਮੇਰੇ ਪਿਆਰ ਦੀ ਸਿਖ਼ਰ ਹਨ
ਤੇਰੀ ਤੇ ਮੇਰੀ ਹੋਂਦ ਦਾ ਪ੍ਰਤੀਕ ਹਨ

-0-

ਜੇ ਜ਼ਿੰਦਗੀ ਦੀ ਪੁੱਠ ਨਾ ਹੁੰਦੀ
ਤਾਂ ਜ਼ਿੰਦਗੀ ਦੀ ਸਿੱਧ ਦਾ ਵਜੂਦ ਨਾ ਹੁੰਦਾ
ਤੇਰੀ ਜ਼ਫ਼ਾ ਜੇ ਮੇਰੀ ਵਫ਼ਾ 'ਚ ਨਾ ਉਤਰਦੀ
ਮੇਰੀ ਵਫ਼ਾ ਵਫ਼ਾ ਨਾ ਹੁੰਦੀ
ਮੇਰੀ ਵਫ਼ਾ ਦੀ ਵਫ਼ਾ ਦਾ ਸਬੂਤ ਨਾ ਹੁੰਦਾ

-0-

ਮੇਰੀ ਵਫ਼ਾ ਤੇਰੀ ਵਫ਼ਾ ਦਾ ਵਜੂਦ ਹੈ
ਤੇਰੀ ਜ਼ਫ਼ਾ ਚੋਂ ਹੀ
ਮੇਰੀ ਵਫ਼ਾ ਦਾ ਸੂਰਜ ਚੜ੍ਹਿਆ ਹੈ

ਮੇਰੀ ਵਫ਼ਾ ਦੀ ਹੋਂਦ
ਤੇਰੀ ਜ਼ਫ਼ਾ ਸਦਕਾ ਹੈ
ਤੇਰੀ ਜ਼ਫ਼ਾ ਨਹੀਂ ਤਾਂ
ਮੇਰੀ ਵਫ਼ਾ ਦੀ ਹੋਂਦ ਨਹੀਂ ਵਜੂਦ ਨਹੀਂ
ਮੇਰੀ ਵਫ਼ਾ ਦੀ ਜਾਨ ਹੈ
ਤੇਰੀ ਜ਼ਫ਼ਾ

-0-

ਤੂੰ
ਮੇਰੇ ਪਾਸ ਨਹੀਂ ਤਾਂ ਕੀ
ਤੂੰ ਮੇਰੀ ਵਫ਼ਾ ਦਾ ਸੱਚ ਤਾਂ ਹੈ
ਕੀ ਹੈ?
ਮੇਰੇ ਅੰਦਰ ਤੇਰੇ ਬਿਨਾਂ
ਤੇਰਾ ਵਜੂਦ
ਮੇਰੇ ਲਹੂ 'ਚ ਮੇਰੇ ਸਾਹਾਂ 'ਚ
ਸਮਾਇਆ ਤਾਂ ਹੈ

-0-

ਮੈਂ ਤੇਰੀ ਜ਼ਫ਼ਾ ਦੀ ਧੁੱਪ ਕਿਉਂ ਸੇਕਾਂ
ਮੈਂ ਤੇਰੀ ਜ਼ਫ਼ਾ ਦੀ ਛਾਂ ਹੰਢਾਵਾਂਗਾ
ਤੇਰੀ ਜ਼ਫ਼ਾ ਦੇ ਨੈਣਾਂ ਦੇ ਰਾਹੀਂ
ਆਪਣੀ ਜ਼ਫ਼ਾ ਦੇ ਸੀਨੇ 'ਚ ਉਤਰ ਜਾਵਾਂਗਾ
ਆਪਣੀ ਵਫ਼ਾ 'ਚ
ਤੇਰੀ ਜ਼ਫ਼ਾ ਦਾ ਵਜੂਦ ਪਸਰਿਆ
ਪਾਵਾਂਗਾ
ਤੈਨੂੰ ਆਪਣੇ 'ਚ ਉਤਾਰਾਂਗਾ
ਤੇਰੇ 'ਚ ਉਤਰ ਜਾਵਾਂਗਾ
ਤੇਰੀ ਜ਼ਫ਼ਾ ਜਦ ਮੇਰੀ ਵਫ਼ਾ 'ਚ ਢਲੇਗੀ
ਆਪਣੀ ਪਹਿਚਾਣ ਖੋਹ ਜਾਵੇਗੀ
ਮੇਰੀ ਵਫ਼ਾ ਦੀ ਪਹਿਚਾਣ ਹੋ ਜਾਵੇਗੀ ।

------

## ਖਲਾਅ ਵਿਚਲਾ ਸੁਰਾਖ਼

ਆਪਣੇ ਦੁਆਲੇ ਉਸਾਰੀ
ਅੱਗ ਖਾਣੇ ਲਹੂ ਪੀਣੇ ਲੋਹੇ ਦੀ ਦੀਵਾਰ
ਵਿੱਚ
ਇਕੱਲਤਾ ਜਗ ਰਹੀ
ਬੁੱਝ ਰਿਹਾ ਹੈ ਮਨੁੱਖੀ ਚਿਰਾਗ

-0-

ਸਵੈ ਤਬਾਹੀ ਦੀ ਫ਼ਸਲ
ਉੱਗਦੀ ਆ ਰਹੀ ਹੈ
ਦੇਹ ਦੀ ਥਾਂ ਸੋਚ ਜ਼ਖ਼ਮੀ
ਕਿੰਨੀ ਇਕੱਲਤਾ ਹੈ
ਸ਼ਬਦ ਤੋਂ ਅਰਥ ਤਕ ਦੀ

-0-

ਬੋਲ
ਆਪਣੀ ਅਵਾਜ਼ 'ਚ ਹੀ ਗੁੰਮ ਹੈ
ਅਰਥ ਸ਼ਬਦ ਭਾਲਦਾ ਭਾਲਦਾ
ਅਸਭਿਅਕ ਹੋ ਗਿਆ ਹੈ
ਜੰਗਲੀਂ ਖੋਹ ਗਿਆ ਹੈ

-0-

ਐਟਮ ਤੋਂ ਅਗੇਰੇ
ਬੈਕਟੀਰੀਆਈ ਜੰਗੀ-ਜੰਤਰਾਂ ਦੇ
ਪਲਾਸਟਕ ਯੁੱਗ 'ਚ
ਮਨੁੱਖ ਸਿਫ਼ਰਾ ਸਿਫ਼ਰਾ ਹੋ
ਆਪਣੇ ਚੋਂ ਏਕੇ ਲਈ ਚੋਅ ਗਿਆ ਹੈ
ਸਾਰੇ ਦਾ ਸਾਰਾ
ਹੱਥ ਤੋਂ ਹਥਿਆਰ ਹੋ ਗਿਆ ਹੈ

-0-

ਪ੍ਰਕਿਰਤੀ ਸੁੰਘੜੀ ਹੈ
ਮਨੁੱਖ ਸਿਰ ਵੱਲ ਫੈਲਿਆ ਹੈ
ਤੇ ਆਪਣੇ ਹੀ ਮੱਥੇ ਦਾ ਜ਼ਖ਼ਮ
ਬਣ ਰਿਸਿਆ ਹੈ
ਆਪਣੀ ਹੀ ਜੀਭ ਤੇ ਛਾਲਾ ਬਣ
ਉੱਗਿਆ ਹੈ

-0-

ਜੀਵਨ
ਮਨੁੱਖ ਦਾ ਹੀ ਚਿਹਰਾ ਹੈ
ਮਨੁੱਖ
ਆਪਣੇ ਹੀ ਚਿਹਰੇ ਦਾ ਵਿਸਥਾਰ ਹੈ
ਧਰਤੀ ਤੋਂ ਖਲਾਅ ਤਕ
ਹਵਾ ਦੇ ਟੁੱਕੜੇ ਤੋਂ
ਪਾਣੀ ਦੇ ਕੈਪਸੂਲ ਤਕ
ਦੇਹ ਤੋਂ ਚਿੰਤਨ ਤਕ ਜੀਵਨ ਤੋਂ ਮੌਤ ਤਕ
ਮਨੁੱਖ ਸਮੇਂ ਵਾਂਗ ਤਣਿਆ ਹੈ
ਮੈਂ ਵਿਚਲਾ ਸਫ਼ਰ ਕਰਦਾ
ਖਲਾਅ
ਵਿਚਲਾ ਸੁਰਾਖ਼ ਬਣਿਆ ਹੈ
ਧਰਤੀ ਦੇ ਮੱਥੇ ਤੇ ਲਿਖਿਆ
ਆਪਣੇ ਪਾਪਾਂ ਦਾ ਹਿਸਾਬ ਬਣਿਆ ਹੈ ।

------

# ਹਸਤਨਾਪੁਰ ਦੀ ਚੁੱਪ

ਜੇ ਧਰਿਤਰਾਸ਼ਟਰ ਦੇ ਨੈਣਾਂ ਦੀ ਜੋਤ ਹੁੰਦੀ
ਗੰਧਾਰੀ ਆਪਣੇ ਲਈ ਹਨ੍ਹੇਰਾ ਮੁੱਲ ਨਾ ਲੈਂਦੀ
ਪਤੀ ਦੇ ਨੈਣ ਨਾ ਜਿਉਂਦੀ
ਪਤੀ ਦੇ ਮੋਹ 'ਚ ਨਾ ਵਹਿੰਦੀ
ਆਪਣੇ ਦੁਆਲੇ ਤੋਂ ਮੂੰਹ ਨਾ ਫੇਰਦੀ
ਆਪਣੀ ਜਗਿਆਸਾ 'ਚ
ਹਸਤਨਾਪੁਰ ਦਾ ਬਚਪਣ ਜੁਆਨੀ
ਉਤਾਰਦੀ
ਆਪਣੇ ਚਿਹਰੇ ਚੋਂ ਹਸਤਨਾਪੁਰ ਦਾ
ਚਿਹਰਾ ਪਹਿਚਾਣਦੀ
ਹਸਤਨਾਪੁਰ 'ਚ ਬੀਜੇ ਜਾ ਰਹੇ
ਖੰਡਰਾਂ ਦਾ ਅਹਿਸਾਸ ਹੁੰਦਾ
ਅੱਜ ਹਿੰਦੁਸਤਾਨ ਦੀ ਵੱਖਰੀ ਨੁਹਾਰ
ਹੁੰਦੀ ਵੱਖਰਾ ਇਤਿਹਾਸ ਹੁੰਦਾ

-0-

ਗੰਧਾਰੀ ਆਪਣੀ ਕੁੱਖ ਲਈ ਹੰਝੂ ਨਾ ਕੇਰਦੀ
ਆਪਣੀ ਕੁੱਖ ਨੂੰ ਗਾਲ੍ਹ ਨਾ ਦਿੰਦੀ
ਕੌਰਵ ਸੌ
ਪੁੱਤਰਾਂ ਦੇ ਸਿਵੇ ਆਪਣੀ
ਹਿੱਕ ਤੇ ਨਾ ਬਾਲਦੀ
ਜੇ ਹਸਤਨਾਪੁਰ ਨੂੰ ਆਪੇ 'ਚ ਉਤਾਰਦੀ
ਆਪੇ ਚੋਂ ਉਸਾਰਦੀ

-0-

ਹਸਤਨਾਪੁਰ ਦੇ ਮੂੰਹ ਤੇ
ਕਬਰਾਂ ਦਾ ਪੋਚਾ ਨਾ ਮਾਰਦੀ

ਪਤੀ ਦੀ ਰਾਜਨੀਤਕ ਬ੍ਰਿਤੀ
ਤੇ ਦ੍ਰਿਸ਼ਟੀ ਸੁਆਰਦੀ
ਪੁੱਤਰ ਮੋਹ ਦਾ
ਪਤੀ ਦੀ ਬੁੱਧੀ ਤੋਂ ਸਾਇਆ ਉਤਾਰਦੀ
ਤਾਂ
ਕਿ ਧਰਿਤਰਾਸ਼ਟਰ
ਹਸਤਨਾਪੁਰ ਦੇ ਹਿੱਤਾਂ ਨੂੰ ਵਿਚਾਰਦਾ
ਹਿੰਦੁਸਤਾਨ ਦੇ ਤਖ਼ਤ ਨੂੰ ਸਤਿਕਾਰਦਾ
ਸੱਚ ਸੁੰਦਰਤਾ ਤੇ ਕਲਿਆਣ
ਬੁੱਧੀ 'ਚ ਉਤਾਰਦਾ
ਆਪਣੇ ਆਪ ਤੋਂ ਉਠਦਾ
ਹਸਤਨਾਪੁਰ ਦਾ ਵਰਤਮਾਨ
ਤੇ ਭਵਿੱਖ ਸੁਆਰਦਾ

-0-

ਨਾ ਬੀਜਦਾ
ਪੁੱਤਰ ਮੋਹ ਦੀ ਨਫ਼ਰਤ ਤਖ਼ਤ 'ਤੇ
ਨਾ ਹੰਕਾਰ
ਦਰਯੋਧਨ ਦਾ ਮਹਿੱਲਾਂ 'ਚ ਵਿਸਥਾਰਦਾ
ਹਸਤਨਾਪੁਰ
ਦੀ ਪਰਜਾ 'ਚ ਸਾਹ ਲੈਂਦਾ
ਸਾਹਾਂ 'ਚ ਪਰਜਾ ਉਤਾਰਦਾ
ਪੁੱਤਰ ਮੋਹ ਚੋਂ ਬਾਹਰ ਨਿਕਲਦਾ
ਲਿਖੀ ਜਾ ਰਹੀ
ਹਿੰਦੁਸਤਾਨ ਦੀ ਕਿਸਮਤ ਸੁਆਰਦਾ
ਪਰਜਾ ਦੇ ਲਹੂ 'ਚ ਜਿਉਂਦਾ
ਪਰਜਾ ਦੀ ਅਵਾਜ ਚੋਂ ਪੁਕਾਰਦਾ

-0-

ਧਰਿਤਰਾਸ਼ਟਰ
ਆਪਣੇ ਮੋਹ ਲੋਭ ਹੰਕਾਰ ਤੇ ਘ੍ਰਿਣਾ ਦਾ

ਜਿਉਂਦਾ ਜਾਗਦਾ
ਮੁਜੱਸਮਾਂ ਬਣਕੇ ਰਹਿ ਗਿਆ
ਪੁੱਤਰ ਮੋਹ ਦੀ ਸੂਲੀ ਤੇ
ਜਦ ਹਸਤਨਾਪੁਰ ਚੜ੍ਹਿਆ
ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ
ਹਿੰਦੁਸਤਾਨ ਉਬਲਿਆ ਬਲਿਆ
ਤੇ ਸੜਿਆ

-0-

ਦਰਯੋਦਨ ਦੇ ਹੰਕਾਰ ਨੂੰ
ਧਰਿਤਰਾਸ਼ਟਰ ਸੁਣ ਸਕਦਾ ਸੀ
ਵੇਖ ਨਹੀਂ ਸੀ ਸਕਦਾ
ਜੇ ਵੇਖਦਾ
ਤਾਂ ਦਰਯੋਦਨ ਦੇ ਹੰਕਾਰ ਦੀ
ਸੀਮਾ 'ਚ ਉਤਰਦਾ
ਕਿਉਂਕਿ ਕੰਨ ਸੁਣ ਸਕਦੇ ਹਨ
ਹੰਕਾਰ 'ਚ
ਉਤਰਨ ਦਾ ਰਾਹ ਨਹੀਂ ਦੱਸਦੇ
ਗੰਧਾਰੀ ਨੇ ਵੀ
ਆਪਣੇ ਜੀਵਨ 'ਚ ਸੁਣਿਆ ਹੀ ਸੁਣਿਆ ਸੀ
ਵੇਖਿਆ ਨਹੀਂ ਸੀ

-0-

ਦਰੋਪਤੀ ਦਾ ਚੀਰ ਹਰਨ
ਸੁਣਿਆ ਤੇ ਜਾ ਸਕਦਾ ਹੈ
ਵੇਖਿਆ ਨਹੀਂ ਜਾ ਸਕਦਾ
ਸੁਣਿਆਂ ਨਗਨ ਨਜ਼ਰ ਨਹੀਂ ਆਉਂਦਾ
ਵੇਖੇ ਨਗਨ ਦੀ ਨਿਮੋਸ਼ੀ ਦਾ ਅਹਿਸਾਸ
ਜਿਉਣ ਨਹੀਂ ਦਿੰਦਾ

-0-

ਅੱਖਾਂ ਸਾਵੇਂ
ਆਪਣੀ ਬਹੂ ਜਾਂ ਧੀ ਦਾ ਚੀਰ ਹਰਨ
ਲਹੂ 'ਚ
ਉਤਰਦਾ ਹੈ ਨਾੜਾਂ 'ਚ ਰਿੱਝਦਾ ਹੈ
ਜ਼ਿੰਦਗੀ ਤੋਂ ਮੌਤ ਵੱਲ ਟੁਰਦਾ ਹੈ
ਨੰਗੀ ਹੋਣ ਵਾਲੀ ਔਰਤ ਦਾ ਅਹਿਸਾਸ
ਵੇਖਣ ਵਾਲੀ ਅੱਖ 'ਚ ਘੁੱਲਦਾ ਹੈ ਡੁੱਲਦਾ ਹੈ
ਚੁਭਦਾ ਹੈ

–0–

ਇਹ ਚੀਰ ਹਰਨ ਮਾਂ ਪੁੱਤ ਦੇ ਭੋਗ
ਬਰਾਬਰ ਹੈ
ਪਿਓ ਧੀ ਦਾ
ਜਿਸਮ ਹੰਢਾਉਣ ਬਰਾਬਰ ਹੈ
ਭੈਣ ਭਰਾ ਦੇ ਰਿਸ਼ਤੇ
ਦੀ ਉੱਚਾਈ ਤੋਂ ਡਿੱਗਾ
ਵੇਸ਼ੀਆ ਦਾ ਕੋਠਾ ਹੈ
ਜਿੱਥੇ ਪਿਓ ਪੁੱਤਰ ਭਰਾ
ਇਕ ਹੀ ਔਰਤ ਦੇ ਜਿਸਮ 'ਚ
ਆਪਣਾ ਆਪਣਾ ਕਾਮ ਹੰਢਾਉਂਦੇ ਹਨ
ਤੇ ਔਰਤ ਦੀ ਮੋਈ ਜ਼ਮੀਰ ਦੇ ਖ਼ੂਹ 'ਚ
ਉਤਰ ਜਾਂਦੇ ਹਨ

–0–

ਧਰਿਤਰਾਸ਼ਟਰ ਨੇ ਸੁਣਿਆ ਸੀ
ਦਰੋਪਤੀ ਦਾਅ ਤੇ ਲੱਗੀ ਹੈ

ਜੇ ਵੇਖਦਾ ਤਾਂ ਜਾਣਦਾ
ਦਰੋਪਤੀ ਕੋਈ ਵਸਤੂ ਨਹੀਂ
ਜੋ ਜੂਏ 'ਚ ਹਾਰ ਦਿੱਤੀ ਜਾਏ
ਦਰੋਪਤੀ ਘਰ ਦੀ ਬਹੂ ਤੋਂ
ਪਹਿਲਾਂ ਔਰਤ ਹੈ
ਜਿਸ ਦੀ ਕੁੱਖ ਚੋਂ ਕੌਰਵ ਪਾਂਡਵ
ਜਨਮੇਂ ਹਨ
ਜਿਸਦੀ ਕੁੱਖ ਨੇ ਦੁਨੀਆਂ ਉਸਾਰੀ ਹੈ
ਜਿਸਦੀ ਦੇਹ ਤੋਂ
ਉਸਦੇ ਆਪਣੇ ਬੱਚਿਆਂ
ਬਸਤਰ ਉਤਾਰੇ ਹਨ
ਨਖ਼ਸ਼ ਨਖ਼ਸ਼ ਅੰਗ ਅੰਗ ਨੰਗਾ ਕਰਕੇ
ਹਸਤਨਾਪੁਰ ਦੇ ਦਰਬਾਰ 'ਚ ਖਿਲਾਰੇ ਹਨ
ਅੱਖਾਂ 'ਚ ਬੀਜੇ ਹਨ
ਸੀਨੇ 'ਚ ਉਤਾਰੇ ਹਨ
ਹਸਤਨਾਪੁਰ ਦੇ ਤਖ਼ਤ ਤੇ
ਨੰਗੀ ਔਰਤ ਦੀ ਨੁਮਾਇਸ਼ ਲਾਈ ਹੈ
ਕਾਮੀ ਕੀੜਿਆਂ ਨੂੰ
ਔਰਤ ਦੀ ਯੋਨੀ ਦੀ ਪ੍ਰਕਿਰਤੀ
'ਤੇ ਭੁਗੋਲ ਵਿਖਾਈ ਹੈ

-0-

ਹਸਤਨਾਪੁਰ ਤੋਂ ਕੁਰੂਕਸ਼ੇਤਰ
ਇਸ ਚੀਰ ਹਰਨ ਦਾ ਕਰਜ਼ਾ ਵਸੂਲੇਗਾ
ਹਸਤਨਾਪੁਰ ਚੋਂ
ਜਨਮਿਆ ਹੈ ਕੁਰੂਕਸ਼ੇਤਰ
ਹਸਤਨਾਪੁਰ ਦੇ ਖੰਡਰਾਂ ਚੋਂ ਇਹ ਸ਼ੋਰ ਉਠੇਗਾ
ਹਸਤਨਾਪੁਰ ਖੁਦ ਕਬੂਲੇਗਾ

-0-

ਧਰਿਤਰਾਸ਼ਟਰ ਨੇ
ਸਿਰਫ਼ ਹਸਤਨਾਪੁਰ ਦਾ ਨਾਮ
ਸੁਣਿਆ ਸੀ
ਨਾ ਹਸਤਨਾਪੁਰ ਵੇਖਿਆ
ਨਾ ਗੋਦੀ ਹੀ ਖਿਡਾਇਆ ਸੀ
ਨਾ ਹਸਤਨਾਪੁਰ ਦੇ ਅੰਗਾਂ ਨੂੰ ਨਾ
ਨਖ਼ਸ਼ਾਂ ਨੂੰ ਨਿਹਾਰਿਆ
ਆਪਣੇ ਲੋਭ ਮੋਹ ਹੰਕਾਰ ਤੇ ਘ੍ਰਿਣਾ
ਦਾ ਹਨ੍ਹੇਰਾ
ਹਸਤਨਾਪੁਰ ਦੀ ਨਸ ਨਸ 'ਚ ਉਤਾਰਿਆ
ਜਿਸ ਤਖ਼ਤ ਤੇ
ਨਿਸ਼ਕਾਮਤਾ ਪਿਆਰ ਸਾਂਝੀਵਾਲਤਾ
ਤੇ ਕਲਿਆਣ ਦਾ ਸਥਾਨ ਸੀ
ਉਸ ਤਖ਼ਤ ਤੇ
ਦਰਯੋਦਨ ਦੇ ਮੋਹ ਨੂੰ ਬਿਠਾ ਲਿਆ
ਹਸਤਨਾਪੁਰ ਨੂੰ
ਹਸਤਨਾਪੁਰ ਦੇ ਤਖ਼ਤ ਨੇ ਖਾ ਲਿਆ
ਹਸਤਨਾਪੁਰ ਦੀ ਧੁੰਨੀ ਚੋਂ
ਕੁਰੂਕਸ਼ੇਤਰ ਉੱਗਾ ਲਿਆ

-0-

ਹਸਤਨਾਪੁਰ ਦੀ ਅਵਾਜ਼ ਨੂੰ
ਪੁੱਤਰ ਮੋਹ ਨੇ ਦਬਾ ਲਿਆ
ਅੱਖਾਂ ਨਹੀਂ ਸਨ ਕੰਨ ਵੀ
ਹਸਤਨਾਪੁਰ ਨੂੰ ਸੁਣਨਾ ਛੱਡ ਗਏ
ਹਸਤਨਾਪੁਰ ਦੇ
ਚੱਪੇ ਚੱਪੇ ਕਾਲਖਾਂ ਦੇ ਮੀਲ
ਪੱਥਰ ਗੱਡ ਗਏ

-0-

ਗੰਧਾਰੀ
ਜਿਸ ਨੇ ਧਰਿਤਰਾਸ਼ਟਰ ਦੀਆਂ
ਅੱਖਾਂ ਬਣਨਾ ਸੀ
ਆਪਣੇ ਆਪ ਤੇ ਸੂਰਜ ਵਿਚਾਲੇ ਖਲੋ ਗਈ
ਅੱਖਾਂ ਤੇ ਪੱਟੀ ਬੰਨ੍ਹ ਲਈ
ਉਮਰ ਲਈ ਅੰਨ੍ਹੀ ਹੋ ਗਈ
ਪਤੀਵਰਤਾ ਹੋਣ ਲਈ
ਗੰਧਾਰੀ ਦਾ ਵਰ ਸਰਾਪ ਬਣਕੇ
ਰਹਿ ਗਿਆ
ਹਸਤਨਾਪੁਰ ਢਹਿ ਗਿਆ
ਖੰਡਰ ਬਣਕੇ ਰਹਿ ਗਿਆ

-0-

ਗੰਧਾਰੀ ਨੇ
ਆਪਣੇ ਜਿਸ ਕਰਮ ਦਾ ਫ਼ਲ ਭੋਗਿਆ
ਇੱਕ ਸੌ ਇਕ ਪੁੱਤਰਾਂ ਦੀ ਮਾਂ
ਜੋ ਵਗਦੀ ਨਦੀ ਸੀ ਕਦੀ
ਹਸਤਨਾਪੁਰ ਦੀ ਮੜ੍ਹੀ ਹੋ ਗਈ
ਧਰਿਤਰਾਸ਼ਟਰ ਪੁੱਤਰਾਂ ਦੀ ਮੌਤ ਦੇ
ਵਿਜੋਗ 'ਚ
ਜ਼ਿੰਦਗੀ ਤੋਂ ਵਿਦਾ ਹੋ ਗਿਆ
ਹਸਤਨਾਪੁਰ ਦਾ ਤਾਜ ਤੇ ਤਖ਼ਤ
ਧਰਿਤਰਾਸ਼ਟਰ ਦਾ ਸਿਵਾ ਹੋ ਗਿਆ.

-0-

ਇਤਿਹਾਸ ਜਦ ਵੀ
ਧਰਿਤਰਾਸ਼ਟਰ ਨੂੰ ਪੁੱਤਰ ਮੋਹ.
ਤੇ ਗੰਧਾਰੀ ਨੂੰ
ਹਨ੍ਹੇਰਾ ਮੁੱਲ ਲੈਣ ਦਾ ਹਿਸਾਬ ਪੁੱਛੇਗਾ

ਤਾਂ ਹਸਤਨਾਪੁਰ ਦੀ ਚੁੱਪ
ਚੋਂ ਸ਼ੋਰ ਉਠੇਗਾ
ਹਸਤਨਾਪੁਰ ਦਾ ਖੰਡਰ ਬੋਲੇਗਾ
ਨਾਰੀ ਕੋਈ ਵਸਤੂ ਨਹੀਂ
ਜੋ ਜੂਏ 'ਚ ਹਾਰ ਦਿੱਤੀ ਜਾਏ
ਜਾਂ ਮਹਿਫ਼ਲ 'ਚ ਕਰਕੇ ਨੰਗਿਆਂ
ਕਾਮੀ ਵਾਸ਼ਨਾਂ ਦੇ ਖੂਹਾਂ 'ਚ ਉਤਾਰ ਦਿੱਤੀ ਜਾਏ
ਨਾਰੀ ਜਗਤ ਦੀ ਜਨਮ ਦਾਤੀ ਹੈ
ਕੌਰਵਾਂ ਤੇ ਪਾਂਡਵਾਂ ਦੀ ਮਾਂ ਔਰਤ ਹੈ
ਹਸਤਨਾਪੁਰ 'ਚ ਔਰਤ ਦੀ ਰੂਹ ਹੈ
ਕੁਰੂਕਸ਼ੇਤਰ 'ਚ ਸੀਤਾ ਦੀ ਥਾਂ ਔਰਤ ਹੈ

-0-

ਹਸਤਨਾਪੁਰ ਦੀਆਂ
ਅੱਖਾਂ ਪਥਰਾ ਗਈਆਂ ਹਨ
ਹਸਤਨਾਪੁਰ 'ਚ ਮੌਤ ਟੁਰਦੀ ਹੈ
ਹਸਤਨਾਪੁਰ 'ਚ ਜ਼ਿੰਦਗੀ
ਮੌਤ ਲਈ ਤਰਸਦੀ ਹੈ
ਹਸਤਨਾਪੁਰ ਦੇ ਖੰਡਰਾਂ 'ਚ
ਹਿੰਦੁਸਤਾਨ ਸਮਾਇਆ ਹੈ
ਹਸਤਨਾਪੁਰ
ਹਿੰਦੁਸਤਾਨ ਦੇ ਚਿਹਰੇ ਤੇ ਮੁੜ ਕੇ ਉੱਗ
ਆਇਆ ਹੈ ।

----

# ਵਿੱਦਿਆ ਤੇ ਮਨੁੱਖ

ਅਜੋਕੀ ਵਿੱਦਿਆ
ਮਨੁੱਖ ਨੂੰ ਗਿਆਨ ਤਾਂ ਦਿੰਦੀ ਹੈ
ਪਰ ਸਿਆਣਾ ਨਹੀਂ ਕਰਦੀ
ਸੱਚ ਸਿਆਣਪ ਦੀ ਲੋਅ
ਮਨੁੱਖੀ ਮਸਤਕ ਤੇ ਨਹੀਂ ਧਰਦੀ

-0-

ਗਿਆਨ ਨੇ
ਮਨੁੱਖ ਨੂੰ ਇਨ੍ਹਾਂ ਬਲਵਾਨ ਕਰ ਦਿੱਤਾ ਹੈ
ਕਿ ਮਨੁੱਖ ਦੀ ਤਲੀ ਤੇ ਬ੍ਰਹਿਮੰਡ ਧਰ ਦਿੱਤਾ ਹੈ
ਆਪਣੀ ਸ਼ਕਤੀ ਦੀ ਵਰਤੋਂ ਮਨੁੱਖ
ਧਰਤੀ ਤੇ ਹਰਿਆਵਲ ਬੀਜਣ ਲਈ ਨਹੀਂ
ਕਰਦਾ
ਸਗੋਂ ਧਰਤੀ ਦੀ ਕੁੱਖ 'ਚ ਅਗਿਆਰ ਧਰਦਾ ਹੈ
ਅੱਗਾਂ ਉੱਗਾਉਂਦਾ ਹੈ
ਪ੍ਰਕਿਰਤੀ ਝੁਲਸਦਾ ਹੈ ਸਾਗਰ ਸੁੱਕਾਉਂਦਾ ਹੈ

-0-

ਬੇਦੋਸ਼ੀ
ਮਨੁੱਖਤਾ ਦਾ ਕਤਲ ਕਰਦਾ ਹੈ
ਮਨੁੱਖਤਾ ਦੀ ਕੁੱਖ 'ਚ ਬਰੂਦ ਧਰਦਾ ਹੈ
ਮੌਸਮਾਂ ਬਹਾਰਾਂ ਦੇ ਪਿੰਡੇ ਝੁਲਸਦਾ ਹੈ
ਪੌਣਾਂ ਦੇ ਜਿਸਮਾਂ ਤੇ ਛਾਲੇ ਉੱਗਾਉਂਦਾ ਹੈ
ਜ਼ਿੰਦਗੀ ਦੇ ਸਾਹਾਂ 'ਚ ਮੌਤ ਉਤਾਰਦਾ ਹੈ
ਅੰਬਰ ਦੇ ਚਿਹਰੇ ਤੇ ਟੱਕ ਲਾਉਂਦਾ ਹੈ
ਧਰਤੀ ਬਾਂਜ ਕਰਦਾ ਹੈ

-0-

ਭੁੱਖਮਰੀ ਬਿਮਾਰੀ ਤੇ ਗੁਰਬਤ
ਵਿਸਥਾਰਦਾ ਹੈ
ਮੀਲੋਂ ਮੀਲ ਅਨਾਜ਼ ਦੇ ਖੇਤ ਫੂਕਦਾ ਹੈ
ਪਿੰਡਾਂ ਦੇ ਪਿੰਡ
ਸ਼ਹਿਰਾਂ ਦੇ ਸ਼ਹਿਰ ਤਬਾਹ ਕਰਦਾ ਹੈ
ਆਪਣੀ ਸ਼ਕਤੀ
ਭਵਿੱਖ ਨੂੰ ਸੁਆਰਨ ਲਈ ਨਹੀਂ
ਦੁਨੀਆਂ ਦੀ ਬਰਬਾਦੀ ਲਈ ਵਰਤਦਾ ਹੈ

-0-

ਅਜੋਕਾ ਮਨੁੱਖ ਰਾਵਣ
ਜਿਹਾ ਵਿਦਵਾਨ ਮੂਰਖ ਹੈ
ਜੋ ਆਪਣੀ ਲੰਕਾ ਫੂਕਣ ਖੁਦ ਟੁਰਿਆ ਹੈ
ਜ਼ਿੰਦਗੀ ਨੂੰ ਕੰਡ ਦੇ ਕੇ ਮੌਤ ਵੱਲ ਮੁੜਿਆ ਹੈ
ਮਨੁੱਖ ਨੇ ਆਪਣਾ ਹੀ ਅੰਤ
ਆਪਣੇ ਚੌਗਿਰਦੇ 'ਚ ਉੱਗਾ ਲਿਆ ਹੈ
ਆਪਣੀ ਮੌਤ ਬਣਕੇ ਖੁਦ ਆਇਆ ਹੈ
ਆਪਣੀ ਸ਼ਕਤੀ ਨੂੰ ਤਬਾਹੀ ਦਾ ਰੂਪ ਦਿੱਤਾ ਹੈ
ਵਿਸ਼ਵ ਨੂੰ
ਕੁਰੂਕਸ਼ੇਤਰ ਦਾ ਮੈਦਾਨ ਬਣਾਇਆ ਹੈ
ਮਨੁੱਖ ਨੇ ਆਪਣੇ ਹੀ ਪਿੰਡੇ ਚੋਂ
ਆਪਣਾ ਦੁਸ਼ਮਣ ਉੱਗਾਇਆ ਹੈ
ਵਿਗਿਆਨਕ ਯੁੱਗ 'ਚ
ਮਨੁੱਖ ਗਿਆਨਵਾਨ ਤੇ ਹੋ ਗਿਆ ਹੈ
ਆਪਣੀ ਸ਼ਕਤੀ ਦੇ ਗਰੂਰ 'ਚ
ਆਪਣੇ ਹੀ ਚਿਹਰੇ ਤੋਂ ਅਣਜਾਣ ਹੋ ਗਿਆ ਹੈ

-0-

ਵਿਸ਼ਵ ਵਿਦਿਆਲੇ
ਮੰਦਰਾਂ ਮਸੀਤਾਂ ਉਸਾਰਨ ਦੀ ਥਾਂ
ਢਾਹੁੰਦਾ ਜਾ ਰਿਹਾ ਹੈ
ਮਨੁੱਖ ਸਾਂਝੀਵਾਲਤਾ ਪਿਆਰ
ਮਨੁੱਖੀ ਸਭ ਰਿਸ਼ਤੇ ਮੁਕਾਦਾਂ ਜਾ ਰਿਹਾ ਹੈ
ਪੱਤਝੜਾਂ ਚੁੱਪ ਉਦਾਸੀਆਂ
ਤੇ ਉਜਾੜਾਂ
ਧਰਤੀ ਤੇ ਬੀਜਦਾ ਜਾ ਰਿਹਾ ਹੈ
ਸ਼ਕਤੀ ਦਾ ਵਿਰਾਟ ਰੂਪ ਧਾਰ ਕੇ
ਧਰਤੀ ਦੇ ਕੁਰੂਕਸ਼ੇਤਰ 'ਚ
ਮਨੁੱਖੀ ਨਸਲ ਮੁਕਾਦਾਂ ਜਾ ਰਿਹਾ ਹੈ
ਅਸਭਿਅਤਾ ਬੀਜਦਾ ਹੈ
ਵਿਸ਼ਵ ਨੂੰ ਖੰਡਰ ਬਣਾਂਦਾ ਜਾ ਰਿਹਾ ਹੈ

-0-

ਮਨੁੱਖ ਗਿਆਨ ਦੇ ਚਾਨਣ 'ਚ
ਜੇ ਆਪਣੇ ਆਪ ਨੂੰ ਪੜ੍ਹਦਾ
ਆਪਣੀ ਹੋਂਦ ਦੇ ਸੱਚ ਨੂੰ ਫੜਦਾ
ਮਨੁੱਖ ਨੂੰ ਸਮਝਦਾ
ਮਨੁੱਖਤਾ ਦੇ ਸੱਚ ਨੂੰ ਤਰਦਾ
ਆਪਣਾ ਸੱਚ ਮਨੁੱਖਤਾ ਦੇ ਸੱਚ ਚੋਂ
ਪਹਿਚਾਣਦਾ
ਮਨੁੱਖਤਾ ਦਾ ਮੂਲ
ਤੇ ਜੀਵਨ ਦੀ ਕਦਰ ਜਾਣਦਾ
ਇਨਸਾਨ ਹੁੰਦਾ
ਇਨਸਾਨ ਦਾ ਵੈਰੀ ਨਾ ਹੁੰਦਾ
ਜ਼ਿੰਦਗੀ ਦੀ ਸੱਚਾਈ ਸਮਝ ਆਉਂਦੀ
ਸੱਚ ਤੇ ਝੂਠ ਦੇ ਭਰਮ ਦਾ ਪਤਾ ਲੱਗਦਾ
ਸਿਆਣਪ ਦਾ ਦੀਵਾ
ਮਨੁੱਖ ਦੇ ਮਸਤਕ 'ਚੋਂ ਜਗਦਾ

ਆਪਣੀ ਸ਼ਕਤੀ ਨੂੰ
ਹੋਰ ਵੀ ਚਾਰ ਚੰਨ ਲਾ ਲੈਂਦਾ
ਨਰਕ ਦੀ ਥਾਂ
ਧਰਤੀ ਸਵਰਗ ਬਣਾ ਲੈਂਦਾ
ਚੰਨਾਂ ਸੂਰਜਾਂ ਤਾਰਿਆਂ ਦੇ ਸੰਗ
ਧਰਤੀ ਦਾ ਆਂਗਣ ਸਜਾ ਲੈਂਦਾ
ਮਨੁੱਖ 'ਚ
ਮਨੁੱਖਤਾ ਦਾ ਸੱਚ ਬੀਜਦਾ
ਵਿਸ਼ਵ ਨੂੰ
ਤਾਰਦਾ ਆਪੇ ਵੀ ਤਰ ਜਾਂਦਾ
ਧਰਤੀ ਦਾ ਪਿੰਡਾ
ਮੌਸਮਾਂ ਬਹਾਰਾਂ ਰੰਗਾਂ ਖੁਸ਼ਬੂਆਂ
ਫੁੱਲਾਂ ਨਾਲ ਭਰ ਜਾਂਦਾ
ਆਪਣੇ ਗਿਆਨ ਦੀ ਰੌਸ਼ਨੀ
ਦੀਆਂ ਕਿਰਨਾਂ
ਧਰਤੀ ਦੇ
ਵਿਹੜੇ 'ਚ ਖਿਲਾਰਦਾ
ਧਰਤੀ ਦਾ ਰੂਪ ਰੰਗ ਨਖਸ਼ ਤੇ ਅੰਗ
ਸੁਆਰਦਾ

-0-

ਮਨੁੱਖਤਾ ਦੇ ਚਿਹਰੇ ਤੇ ਰੌਸ਼ਨੀ ਹੁੰਦੀ
ਕਣਕ ਮੱਕੀ ਬਾਜਰਾ ਬਾਸਮਤੀ
ਦੀ ਖੁਸ਼ਬੂ ਫੈਲਦੀ
ਪੌਣਾਂ ਦੇ ਗੀਤ ਗੂੰਜਦੇ
ਅਮਨ ਦੇ ਰੁੱਖਾਂ ਦੀ
ਧਰਤੀ ਤੇ ਛਾਂ ਹੁੰਦੀ
ਰੱਬ ਜੋ ਛੱਡ ਕੇ ਟੁਰ ਗਿਆ ਦੁਨੀਆਂ
ਦੁਨੀਆਂ 'ਚ ਰੱਬ ਦੀ ਥਾਂ ਹੁੰਦੀ
ਪ੍ਰਕਿਰਤੀ ਚੋਂ ਰੱਬੀ ਨੂਰ ਬਰਸਦਾ
ਸਹਿਰਾ ਤੇ ਬੱਦਲਾਂ ਦੀ ਛਾਂ ਹੁੰਦੀ

-0-

ਗਿਆਨ ਦਾ ਚਾਨਣ
ਮਨੁੱਖ ਤੋਂ ਟੁਰਦਾ ਮਨੁੱਖਤਾ 'ਚ ਫੈਲਦਾ
ਮਨੁੱਖ ਸੂਰਜ ਵਾਂਗ ਜਗਦਾ
ਜ਼ਿਮੀਂ ਤੇ ਚੰਨ ਸੂਰਜ ਤਾਰੇ ਉਤਾਰਦਾ
ਸਾਂਝੀਵਾਲਤਾ ਪਿਆਰ ਅਨੇਕਤਾ 'ਚ ਏਕਤਾ
ਦੇ ਬੋਲ ਗੂੰਜਦੇ
ਗਿਆਨ ਦਾ ਚਾਨਣ
ਸਾਰੀ ਮਨੁੱਖਤਾ
ਧਰਤ ਦੇ ਇਕ ਥਾਲ 'ਚ ਪਰੋਸਦਾ
ਨਾ ਪਿੰਡ ਨਾ ਸ਼ਹਿਰ ਨਾ ਸੂਬਾ
ਨਾ ਵੱਖਰਾ ਕੋਈ ਮਨੁੱਖ ਦਾ ਦੇਸ ਹੁੰਦਾ
ਨਾ ਸਰਹੱਦਾਂ ਨਾ ਬੰਨੇ
ਨਾ ਕੰਧਾਂ ਮਨੁੱਖਤਾਂ 'ਚ
ਨਾ ਝਗੜੇ ਜਾਤਾਂ ਪਾਤਾਂ ਦੇ ਨਾ
ਫਰਕ ਰੰਗਾਂ ਦੇ
ਮਨੁੱਖ ਹੀ ਪੂਜਾ ਮਨੁੱਖਤਾ ਹੀ ਧਰਤ ਹੁੰਦਾ
ਮਨੁੱਖਤਾ ਹੀ ਪੁਜਾਰੀ ਮਨੁੱਖਤਾ ਹੀ ਰੱਬ
ਮਨੁੱਖਤਾ ਹੀ ਮਨੁੱਖਤਾ ਦੀ ਕਿਸਮਤ ਤੇ
ਮਨੁੱਖ ਦਾ ਕਰਮ ਹੁੰਦਾ

-0-

ਅਜੋਕੀ ਵਿੱਦਿਆ
ਮਨੁੱਖ ਨੂੰ ਗਿਆਨ ਤਾਂ ਦਿੰਦੀ ਹੈ
ਸਿਆਣਾ ਨਹੀਂ ਕਰਦੀ
ਸੱਚ ਸਿਆਣਪ ਦੀ ਲੋਅ
ਮਨੁੱਖ ਦੇ ਮਸਤਕ 'ਚ ਨਹੀਂ ਧਰਦੀ ।

------

## ਮੈਂ ਵਿਚ ਮੈਂ

ਆਪਣੀ ਮਹਿਕ ਨਾਲ ਮੈਂ ਬੱਝਾ
ਚੌਗਿਰਦੇ ਤੇ ਆਪਣੇ ਅੰਗ ਸੰਗ
ਡੁੱਬਦੇ ਦੀ ਲਾਲੀ ਸੰਗ ਡੁੱਬਾ
ਚੜ੍ਹਿਆ ਚੜ੍ਹਦੇ ਦੇ ਰੰਗ ਸੰਗ

-0-

ਤੀਰ 'ਚ ਆਪ ਨਿਸ਼ਾਨਾ ਹਾਂ ਮੈਂ
ਨਿਸ਼ਾਨੇ ਵਿਚ ਹਾਂ ਤੀਰ ਜਿਹਾ
ਸ਼ਮਸ਼ੀਰ ਦੀ ਅੱਖ 'ਚ ਸਿਰ ਵਰਗਾ ਹਾਂ
ਸਿਰ ਵਿਚ ਹਾਂ ਸ਼ਮਸ਼ੀਰ ਜਿਹਾ

-0-

ਮੈਂ ਜਲ ਥਲ ਅਕਾਸ਼ 'ਚ ਹਾਂ
ਖਿੱਚੀ ਹਵਾ ਲਕੀਰ ਜਿਹਾ
ਸ਼ੀਸ਼ੇ ਦੇ ਵਿੱਚ ਪੱਥਰ ਵਾਂਗੂੰ
ਪੱਥਰ ਕੱਚ ਸਰੀਰ ਜਿਹਾ
ਫੁੱਲਾਂ 'ਚ ਖੁਸ਼ਬੂ ਵਰਗਾ ਹਾਂ
ਰੰਗਾਂ ਵਿਚ ਤਸਵੀਰ ਜਿਹਾ

-0-

ਮੈਂ ਹੀ ਜੀਵਨ ਮੈਂ ਹੀ ਮ੍ਰਿਤਯੂ
ਹਾਰ ਜਿੱਤ ਵਿੱਚ ਖੇਡ ਜਿਹਾ
ਮੈਂ ਉਹ ਸੱਚ ਹਾਂ
ਜੋ ਅਨੁਭਵਿਆਂ ਨਜ਼ਰੀ ਆਵਾਂ
ਅੰਬਰ ਧਰਤੀ ਮੇਲ ਜਿਹਾ

-0-

ਤਬਲਾ ਝਾਂਜਰ ਰਾਗ ਰੰਗ ਸਭ
ਮੈਂ ਖੁਦ ਆਪ ਰਖੇਲ ਜਿਹਾ
ਅੱਗ 'ਚ ਪਾਣੀ ਪਾਣੀ 'ਚ ਅੱਗ ਹਾਂ
ਖੁਦ ਵਿੱਚ ਵੀ ਮੈਂ ਆਪ ਅਲੱਗ ਹਾਂ ।

-------

# ਪ੍ਰਦੂਸ਼ਣ

ਜ਼ਿੰਦਗੀ ਨੇ ਮਨੁੱਖ ਲਈ
ਦੌਲਤਾਂ ਰਹਿਮਤਾਂ ਨਿਹਮਤਾਂ
ਤੇ ਅੰਨ੍ਹ ਦੇ ਭੰਡਾਰ ਰੱਖੇ ਹਨ
ਮਨੁੱਖ ਨੇ ਜ਼ਿੰਦਗੀ ਦੇ ਪੈਰੀਂ ਅੱਗ
ਤਲੀਆਂ ਤੇ ਮੱਘਦੇ ਅੰਗਿਆਰ ਰੱਖੇ ਹਨ

-0-

ਮਨੁੱਖ ਨੇ ਪਾਣੀ 'ਚ ਜ਼ਹਿਰ ਘੋਲਿਆ ਹੈ
ਹਵਾ ਨੂੰ ਗੰਧਲਾ ਕੀਤਾ ਹੈ
ਅੱਗਣ ਦਾ ਤੇਜ਼ ਠਾਰਿਆ ਹੈ
ਧਰਤੀ ਦੀ ਖਸ਼ਬੂ ਜ਼ਖ਼ਮੀ ਤੇ
ਕੁੱਖ ਨੂੰ ਉਜਾੜਿਆ ਹੈ
ਅਕਾਸ਼ ਤੋਂ ਅੱਗ ਦੇ ਗੋਲੇ ਬਰਸਾਏ ਹਨ
ਬੇਗੁਨਾਹ ਲੋਕਾਂ ਦੇ ਘਰਾਂ ਨੂੰ ਸਾੜਿਆ ਹੈ

-0-

ਸਮੁੰਦਰ
ਮਨੁੱਖੀ ਭੁੱਖ ਲਈ ਹਜ਼ਾਰਾਂ ਸੁਗਾਤਾਂ
ਆਪਣੇ ਚੋਂ ਉੱਗਾਉਂਦਾ ਹੈ
ਮਨੁੱਖ ਸ਼ੀਸ਼ੇ ਦੀ ਦੁਨੀਆਂ ਦਾ ਗੰਦ
ਕੂੜਾ ਬੰਬਾਂ ਦੇ ਧਮਾਕੇ ਤੇ ਲੱਖਾਂ ਗੇਲਨ ਤੇਲ
ਸਮੁੰਦਰ ਦੀ ਦੇਹ 'ਚ ਉਤਾਰਦਾ ਹੈ
ਮੋਈਆਂ ਮੱਛੀਆਂ
ਸਮੁੰਦਰ ਤੇ ਤੈਰ ਰਹੀਆਂ ਹਨ

ਤੇਲ 'ਚ ਭਿੱਜੇ ਪੰਛੀਆਂ
ਦੀਆਂ ਲਾਸ਼ਾਂ ਦੇ ਅੰਬਾਰ
ਸਮੁੰਦਰ ਦੇ ਮੂੰਹ ਤੇ ਲਗੇ ਪਏ ਹਨ
ਮਨੁੱਖ ਨੇ ਸਮੁੰਦਰ ਉਬਾਲਿਆ ਹੈ
ਜੀਵ ਜੰਤੂਆਂ ਨੂੰ ਮੌਤ ਦੇ ਘਾਟ ਉਤਾਰਿਆ ਹੈ

-0-

ਜੰਗਲ ਤੇ ਬਨਸਪਤੀ
ਮਨੁੱਖ ਨੂੰ ਜੀਵਨ ਦਿੰਦੇ ਹਨ
ਮਨੁੱਖ ਨੇ ਜੰਗਲ ਸਾੜੇ ਹਨ
ਬਨਾਸਪਤੀ
ਦਾ ਚਿਰਾਗ ਵਲੂੰਦਰਿਆ ਹੈ
ਦਰਿਆਵਾਂ ਤੇ ਨਦੀਆਂ 'ਚ
ਅਗਤੀਆਂ ਬੀਜੀਆਂ ਹਨ

-0-

ਪਹਾੜਾਂ ਦੇ ਪਿੰਡਿਆਂ ਤੋਂ
ਹਰਿਆਵਲ ਉਤਾਰੀ ਹੈ
ਪ੍ਰਕਿਰਤੀ ਦੀ ਸੁੰਦਰਤਾ 'ਚ
ਕਰੂਪਤਾ ਖਿਲਾਰੀ ਹੈ
ਮਨੁੱਖ ਨੇ
ਮਨੁੱਖਤਾ ਦੇ ਮੱਥੇ 'ਚ ਸਹਿਰਾ
ਬੀਜਿਆ ਹੈ
ਬਹਾਰਾਂ ਮੌਸਮਾਂ 'ਚ
ਪੱਤਝੜਾਂ ਤੇ ਉਜਾੜਾਂ ਉੱਗਾਈਆਂ ਹਨ

-0-

ਫੁੱਲਾਂ ਦੇ ਰੰਗ
ਤੇ ਕਲੀਆਂ ਦੇ ਹੁਸਨ ਲੂਹੇ ਹਨ
ਗੁਲਸ਼ਨ ਦੇ ਪਿੰਡੇ 'ਚ ਔੜਾਂ
ਬੀਜੀਆਂ ਹਨ
ਮਨੁੱਖ ਨੇ ਆਪਣੇ ਦੁਆਲੇ

ਆਪਣਾ ਜ਼ਹਿਰ ਫੈਲਾਇਆ ਹੈ
ਮਨੁੱਖਤਾ ਦੇ ਪਿੰਡੇ ਚੋਂ
ਨਫ਼ਰਤ ਦਾ ਜੰਗਲ ਉੱਗਾਇਆ ਹੈ
ਮਨੁੱਖ ਨੇ ਜ਼ਿੰਦਗੀ ਦੇ ਮੂੰਹ ਤੇ
ਕਾਲਖ ਫੇਰ ਦਿੱਤੀ ਹੈ
ਲਾਲਚ ਕ੍ਰੋਧ ਤੇ ਨਫ਼ਰਤ ਦਾ ਬੀਜ
ਧਰਤੀ ਤੇ ਕੇਰ ਦਿੱਤਾ ਹੈ

-0-

ਜ਼ਿੰਦਗੀ ਨੇ ਮਨੁੱਖ ਨੂੰ
ਪਿਆਰ ਸਾਂਝੀਵਾਲਤਾ ਕਲਿਆਣ
ਤੇ ਮਹਿਕਾਂ ਦਾ ਸਬਕ
ਸਿੱਖਾਇਆ ਸੀ
ਮਨੁੱਖ ਨੂੰ ਆਪਣਾ ਨੂਰ
ਸਮਝਾਇਆ ਤੇ ਵਿਖਾਇਆ ਸੀ
ਮਨੁੱਖ ਨੂੰ ਆਪਣੀ ਉਂਗਲੀ ਫੜਾ ਤੋਰਿਆ
ਗੋਦੀ 'ਚ ਖਿਡਾਇਆ ਸੀ

-0-

ਜ਼ਿੰਦਗੀ
ਮਨੁੱਖ ਲਈ ਚਾਨਣ ਬਣੀ
ਮਨੁੱਖ ਜ਼ਿੰਦਗੀ ਨੂੰ ਰਾਸ ਨਾ ਆਇਆ ਹੈ
ਮਨੁੱਖ ਨੇ
ਜ਼ਿੰਦਗੀ ਦੇ ਵਿਹੜੇ
ਬਹਾਰਾਂ ਮੌਸਮਾਂ ਤੇ ਹਰਿਆਵਲ
ਬੀਜਣ ਦੀ ਥਾਂ
ਅੱਕਾਂ ਥੋਹਰਾਂ ਦਾ ਕੰਡਿਆਲਾ
ਸਹਿਰਾ
ਉੱਗਾਇਆ ਹੈ

-0-

ਇਨ੍ਹਾਂ ਕੁੱਝ ਜ਼ਿੰਦਗੀ ਨੇ
ਮਨੁੱਖ ਨੂੰ ਦਿੱਤਾ
ਇਸਦੇ ਇਵਜ਼ 'ਚ
ਮਨੁੱਖ ਨੇ ਜ਼ਿੰਦਗੀ ਨੂੰ ਕੀ ਮੋੜਿਆ ਹੈ
ਜ਼ਿੰਦਗੀ ਦੀ ਵਗ ਰਹੀ ਨਦੀ ਦੀ ਚਾਲ ਰੋਕੀ ਹੈ
ਜ਼ਿੰਦਗੀ ਦੀ ਨਿਰਮਲਤਾ 'ਚ
ਗੰਦ ਤੇ ਜ਼ਹਿਰ ਘੋਲੀ ਹੈ

-0-

ਮਨੁੱਖ
ਨਾਲੋਂ ਤੇ ਰੁੱਖ ਚੰਗਾ ਹੈ
ਜੋ ਮਨੁੱਖ ਦੇ ਵਿਪਰੀਤ ਹੈ
ਜ਼ਿੰਦਗੀ ਦਾ ਮੂਲ ਹੈ ਅਧਾਰ ਹੈ
ਉਮੀਦ ਹੈ
ਰੁੱਖ ਕਾਰਬਨ ਚੂਸਦਾ ਹੈ
ਆਕਸੀਜਨ ਜਨਮਦਾ ਹੈ
ਮਨੁੱਖ ਆਕਸੀਜਨ ਨਿਗਲਦਾ ਹੈ
ਕਾਰਬਨ ਉੱਗਲਦਾ ਹੈ
ਕੁਦਰਤੀ ਸੋਮਿਆਂ ਦੀ
ਦੁਰਵਰਤੋਂ ਕਰਦਾ ਹੈ
ਕੁਦਰਤ ਚੋਂ ਹਰਿਆਵਲ ਸੁੱਕਾਂਦਾ ਹੈ
ਸਮੁੰਦਰ ਨੀਵੇਂ ਕਰਦਾ ਹੈ ਮੁਕਾਂਦਾ ਹੈ
ਪਹਾੜਾਂ ਨੂੰ ਭੋਰ ਭੋਰ ਖਾਂਦਾ ਹੈ
ਦਰਿਆਵਾਂ ਤੇ ਨਦੀਆਂ ਦੇ ਪਿੰਡੇ ਚੋਂ
ਸਹਿਰਾ ਉੱਗਾਉਂਦਾ ਹੈ
ਅੰਨ ਦਿਆਂ ਖੇਤਾਂ ਨੂੰ ਜਲਾਉਂਦਾ ਹੈ

-0-

ਮਨੁੱਖ ਨੇ
ਆਪਣੇ ਦੁਆਲੇ ਮੌਤ ਉਸਾਰੀ ਹੈ
ਸਾਹ ਲੈਂਦਾ ਹੈ
ਤਾਂ ਦਮ ਘੁੱਟਦਾ ਹੈ
ਚਾਨਣ ਦੀ ਥਾਂ ਮਨੁੱਖ ਚੋਂ ਹਨ੍ਹੇਰ ਫੁੱਟਦਾ ਹੈ
ਮਨੁੱਖ ਨੇ ਜ਼ਿੰਦਗੀ 'ਚ
ਕਬਰਾਂ ਦੀ ਫ਼ਸਲ ਬੀਜੀ ਹੈ
ਜ਼ਿੰਦਗੀ
ਮੌਤ ਦੇ ਰਾਹ ਤੇ ਟੋਰੀ ਹੈ
ਚੁੱਪ ਬੀਜ ਕੇ ਪ੍ਰਕਿਰਤੀ 'ਚ
ਸ਼ੋਰ ਤਲੀਆ ਤੇ ਟਿੱਕਾਇਆ ਹੈ
ਦੁਆਲਾ ਝੁਲਸ ਕੇ ਆਪਣਾ
ਚਾਨਣ ਚੋਂ
ਹਨ੍ਹੇਰੇ 'ਚ ਮਨੁੱਖ ਉਤਰ ਆਇਆ ਹੈ

-0-

ਵਿਹੜਿਆਂ 'ਚ ਕੰਧਾਂ ਉਸਾਰੀਆਂ ਹਨ
ਆਪਣੇ ਆਪ ਨੂੰ
ਤਕਸੀਮਿਆਂ ਤੇ ਵੰਡਿਆ ਹੈ
ਮਨੁੱਖਤਾ ਦਾ ਚਿਹਰਾ ਤਿੜਕਿਆ ਹੈ
ਪਿੰਡੇ 'ਚ ਖਾਹੀਆਂ ਤੇ ਵਿੱਥਾਂ
ਉੱਗ ਆਈਆਂ ਹਨ
ਜ਼ਿੰਦਗੀ ਤੋਂ ਟੁੱਟ ਕੇ ਮਨੁੱਖ ਨੇ
ਆਪਣੇ ਦੁਆਲੇ ਆਪਾ
ਬੁਣ ਲਿਆ ਹੈ
ਮਨੁੱਖ ਨੂੰ
ਆਪਣਾ ਹੀ ਘੁੰਣ ਖਾ ਗਿਆ ਹੈ
ਮਨੁੱਖ ਆਪਣੇ ਹੀ ਪੈਰਾਂ ਹੇਠ ਆ ਗਿਆ ਹੈ

-0-

ਧਰਤੀ ਚੋਂ ਪੁੰਗਰੀਆਂ ਕਰੂੰਬਲਾਂ ਤੇ
ਪਿਘਲਦਾ ਲੋਹਾ
ਵਿਛਾਇਆ ਹੈ
ਝੂੱਲਾਂ 'ਚ ਪੈ ਰਹੇ ਫੱਲਾਂ ਨੂੰ
ਜਲ 'ਚ ਰਲਿਆ ਜ਼ਹਿਰ ਚੁੰਗਾਇਆ ਹੈ
ਮਨੁੱਖ ਆਪਣੇ ਆਪ ਤੋਂ
ਤੇ ਕੁਦਰਤ ਤੋਂ ਇਨ੍ਹਾਂ ਦੂਰ ਹੋ ਗਿਆ
ਕਿ ਮਨੁੱਖ ਨੇ
ਆਪਣੇ ਹੀ ਪਿੰਡੇ ਚੋਂ
ਆਪਣੇ ਹੀ ਚਿਹਰੇ ਤੇ ਆਪਣਾ ਖੰਡਰ
ਉੱਗਾਇਆ ਹੈ

-0-

ਜ਼ਿੰਦਗੀ
ਚੋਂ ਜਨਮੇ ਥੇਹ ਤੇ ਬੈਠਾ
ਇਕ ਥੇਹ ਹੈ ਮਨੁੱਖ
ਮੌਤ ਦੇ ਪੈਰਾਂ 'ਚ ਜਿਸ ਦੇ ਪੈਰ ਹਨ
ਮੌਤ ਦੇ ਢਿੱਡ 'ਚ ਹੈ ਬਨਾਸਪਤੀ ਸਾਰੀ
ਮੌਤ ਦੇ ਮੂੰਹ 'ਚ
ਜੰਗਲਾਂ ਚੋਂ ਉਸਾਰੇ ਕੱਚ ਦੇ ਸ਼ਹਿਰ ਹਨ
ਕੱਚ ਦੀ ਦੁਨੀਆਂ ਚੋਂ
ਰੌਸ਼ਨੀ ਦੀ ਥਾਂ ਮੌਤ ਝਾਕਦੀ ਹੈ
ਅਸਮਾਨ ਤਕ ਫੈਲੀ ਹੈ ਖਾਕ ਵਿਸ਼ਵ ਦੀ
ਭੁੱਖ ਹੈ ਇਕੱਲਤਾ ਹੈ ਕੰਗਾਲੀ ਹੈ
ਮਨੁੱਖ ਨੇ ਧਰਤੀ
ਮਨੁੱਖ ਦੇ ਲਹੂ 'ਚ ਉਬਾਲੀ ਹੈ

-0-

ਮਨੁੱਖ ਲਈ
ਪ੍ਰਕਿਰਤੀ ਬਹਾਰਾਂ ਮੌਸਮਾਂ ਦਾ
ਮੁੱਲ ਨਹੀਂ ਕੋਈ

ਮਨੁੱਖ ਨੂੰ
ਆਪਣੇ ਢਿੱਡ ਤੋਂ ਨੇੜੇ ਹੋਰ ਕੁੱਝ ਨਹੀਂ ਕੋਈ
ਦਾਇਰਿਆਂ ਤੋਂ
ਬਿੰਦੂ ਬਣ ਕੇ ਰਹਿ ਗਿਆ ਹੈ ਮਨੁੱਖ
ਕੁਦਰਤ ਤੇ ਆਪਣੇ ਵਿਪਰੀਤ ਰਾਹਾਂ ਤੇ
ਪੈ ਗਿਆ ਹੈ ਮਨੁੱਖ
ਹਰੇ ਭਰੇ ਖੇਤਾਂ 'ਚ ਅੱਗਾਂ ਬੀਜਦਾ ਜਾ ਰਿਹਾ ਹੈ
ਪੈਰਾਂ ਤੋਂ ਲੈ ਕੇ ਸਿਰ ਤਕ ਆਪਾ
ਸੁੱਕਾਂਦਾ ਜਾ ਰਿਹਾ ਹੈ
ਖੁਸ਼ੀਆਂ ਖੁਸ਼ਬੂਆਂ ਰੌਣਕਾਂ
ਸੱਚ ਤੇ ਸੁੰਦਰਤਾ ਮੁੱਕਾਂਦਾ ਜਾ ਰਿਹਾ ਹੈ

-0-

ਬਾਂਝ ਕਰਕੇ ਧਰਤੀ
ਹੁਣ ਮਨੁੱਖ ਦੀ ਅਕਾਸ਼ ਤੇ ਅੱਖ ਹੈ
ਫਿਰ ਚੰਨ ਦੀ ਚਾਨਣੀ 'ਚ ਤਪਸ਼ ਘੋਲੇਗਾ
ਸੂਰਜ ਦੀਆਂ
ਕਿਰਨਾਂ ਠੰਡੀਆਂ ਕਰੇਗਾ
ਮੈਲਾ ਹੋ ਜਾਏਗਾ ਅੰਬਰ
ਆਦਮੀ ਜਦ ਅੰਬਰ ਤੇ ਵਸੇਰਾ ਕਰੇਗਾ

-0-

ਤਾਰਿਆਂ ਦੇ
ਟਿਮਟਮਾਂਦੇ ਮਸਤਕ 'ਚ
ਹਨ੍ਹੇਰਾ ਧਰੇਗਾ
ਲਾਸ਼ ਧਰਤੀ ਦੀ
ਅਕਾਸ਼ ਦੇ ਹਵਾਲੇ ਕਰੇਗਾ
ਜੋ ਹਸ਼ਰ ਧਰਤੀ ਦਾ ਕੀਤਾ ਮਨੁੱਖ ਨੇ
ਉਹੀ ਹਸ਼ਰ
ਅੰਬਰ ਦਾ ਕਰੇਗਾ

-0-

ਅਕਾਸ਼ ਤੋਂ ਅਕਾਸ਼ ਦੀ
ਨੀਲਤਾ ਨਿਚੋੜੇਗਾ
ਪਰਤ ਦਰ ਪਰਤ ਖੋਲੇਗਾ ਤਹਿ ਅੰਬਰ ਦੀ
ਬ੍ਰਹਿਮੰਡਾਂ ਦਾ ਪਿੰਡਾ ਉਧੇੜੇਗਾ
ਬਲਦੇ ਨੇ ਜਿਸ ਦਰਗਾਹ 'ਚ ਦੀਵੇ
ਚੰਨਾਂ ਸੂਰਜਾਂ ਤੇ ਤਾਰਿਆਂ ਦੇ
ਉਸ ਦਰਗਾਹ 'ਚ ਚਾਨਣ ਐਟਮਾਂ
ਤੇ ਮਿਜ਼ਾਇਲਾਂ ਦਾ ਕਰੇਗਾ
ਲੋਹਾ
ਵਿਛਾਏਗਾ ਅੰਬਰ ਦੇ ਪੈਰਾਂ 'ਚ
ਅੱਗ ਦਾ ਅੰਬਰ
ਅੰਬਰ ਦੇ ਸਿਰ ਤੇ ਧਰੇਗਾ

-0-

ਆਦਮੀ
ਫਿਤਰਤਨ ਭਿਖਾਰੀ ਹੈ
ਦਾਨੀ ਨਹੀਂ
ਆਦਮੀ 'ਚ ਲਾਲਚ ਹੈ ਲੈਣ ਦਾ
ਦੇਣ ਦੀ ਕੁਰਬਾਨੀ ਨਹੀਂ
ਆਪਣੇ ਬਿੰਦੂ ਤੋਂ ਬਾਹਰ ਝਾਕਣਾ
ਮਨੁੱਖ ਦੀ ਮਰਜ਼ੀ ਨਹੀਂ
ਦੁਨੀਆਂ ਜਲਾ ਸਕਦਾ ਹੈ
ਆਪਣਾ ਘਰ ਜਲਾ ਸਕਦਾ ਨਹੀਂ
ਮੌਤ ਤਲੀਆਂ ਤੇ ਉੱਠਾਈਂ ਫਿਰ ਰਿਹਾ ਹੈ
ਜ਼ਿੰਦਗੀ ਗਲ ਨਾਲ ਲਾ ਸਕਦਾ ਨਹੀਂ

-0-

ਆਪਣੇ ਪੇਟ ਦੁਆਲੇ
ਬੰਨ ਕੇ ਸਾਰਾ ਬ੍ਰਹਿਮੰਡ
ਜ਼ਿੰਦਗੀ ਦੇ ਰੁੱਖ ਦੀ ਛਾਂ ਹੇਠ ਬੈਠਾ ਹੈ
ਜਿਸ ਰੁੱਖ ਨੂੰ ਕਦੀ ਸਿੰਜਿਆ ਨਹੀਂ
ਪੱਤਾ ਨਹੀਂ ਧੋਤਾ

ਟਹਿਣੀਆਂ ਤਨਾ ਕਦੀ ਪੂੰਝਿਆ ਨਹੀਂ
ਸੁਆਰਿਆ ਨਹੀਂ
ਇਕ ਘੁੱਟ ਪਾਣੀ ਦਾ ਰੁੱਖ ਦੀਆਂ
ਜੜ੍ਹਾਂ 'ਚ ਉਤਾਰਿਆ ਨਹੀਂ
ਕਦੀ ਵੀ ਰੁੱਖ ਦੀ ਛਾਂ ਮਾਣਨ ਪਿੱਛੋਂ
ਰੁੱਖ ਦਾ ਸ਼ੁੱਕਰ ਗੁਜ਼ਾਰਿਆ ਨਹੀਂ
ਸਗੋਂ ਰੁੱਖ ਦੀ ਛਾਂ ਹੇਠਾਂ
ਆਪਣੀ ਤਪਸ਼ ਤੇ ਲਾਲਚ ਛੱਡ ਕੇ ਟੁਰ ਗਿਆ
ਮੂੰਹ ਦੇ ਰਾਹੀਂ
ਮਨੁੱਖ ਆਪਣੇ ਪੇਟ 'ਚ ਉਤਰ ਗਿਆ

-0-

ਜ਼ਿੰਦਗੀ ਪੱਥਰ ਤੇ ਉਜਾੜਾ
ਕਰ ਦਿੱਤੀ ਮਨੁੱਖ ਨੇ
ਜ਼ਿੰਦਗੀ ਦੇ ਪੈਰ ਪੈਰ ਹੇਠ ਸੂਲ
ਧਰ ਦਿੱਤੀ ਮਨੁੱਖ ਨੇ
ਕੁਦਰਤ ਕੋਇਲੇ ਧਰਤੀ ਸ਼ਮਸ਼ਾਨ ਹੋ ਗਈ
ਇੰਨ੍ਹੀ ਅੱਗ ਬਰਸਾਈ ਆਸਮਾਨ ਤੋਂ
ਕਿ ਅੱਗ ਅਸਮਾਨ ਹੋ ਗਈ
ਸੜ ਗਏ ਸਮੁੰਦਰਾਂ ਦੇ ਬਦਨ
ਰਾਹਾਂ ਦੇ ਪਿੰਡਿਆਂ ਤੇ ਪੈਰਾਂ ਦੇ ਛਾਲੇ
ਜ਼ਿੰਦਗੀ ਦੇ ਲਹੂ ਦੇ ਛਿੱਟੇ ਪੈ ਗਏ
ਮੂੰਹ ਤੇ ਹਵਾਵਾਂ ਦੇ
ਕੋਇਲੇ ਹੋਏ ਸੂਰਜ ਚੰਨ ਤਾਰੇ ਅੰਬਰ ਦੇ
ਨੱਚਦੀ ਹੋਈ ਮੌਤ ਦੇ ਨੇ ਦਿਨ ਸਵੰਬਰ ਦੇ
ਜ਼ਿੰਦਗੀ ਨੂੰ ਮੌਤ ਵਿਆਹ ਕੇ ਲੈ ਗਈ
ਧਰਤੀ ਤੋਂ ਜਲ ਤੇ ਹਰਿਆਵਲ ਉਠਾ ਕੇ ਲੈ ਗਈ
ਸੋਕੇ 'ਚ ਤਿੜਕੀ ਧਰਤ
ਤੇ
ਸਮੁੰਦਰ 'ਚ ਜਲਦੀ ਲਾਸ਼ ਤਰਦੀ ਰਹਿ ਗਈ ।

------

## ਮੋਈ ਖੁਸ਼ਬੂ

ਉਹ ਸ਼ੋਰ ਤੋਂ ਡਰਿਆ
ਚੁੱਪ 'ਚ ਉਤਰ ਗਿਆ
ਚੁੱਪ 'ਚ ਘਿਰਿਆ
ਚੁੱਪ ਨਾਲ ਇਨ੍ਹਾਂ ਭਰ ਗਿਆ
ਕਿ ਆਪਣੇ ਆਪ ਤੋਂ ਡਰ ਗਿਆ
ਆਪਣੇ ਆਪ ਤੋਂ ਡਰੇ ਨੇ
ਆਪਣਾ ਗ਼ਮ ਜਗਾ ਲਿਆ
ਤੇ ਆਪਣੀਆਂ ਹਨ੍ਹੇਰੀਆਂ ਤਲੀਆਂ ਤੇ
ਇਕ ਸੂਰਜ ਉਠਾ ਲਿਆ

−0−

ਹੁਣ ਉਹ ਇਕੱਲਾ ਨਹੀਂ ਸੀ
ਉਸਦਾ ਗ਼ਮ ਵੀ ਉਸਦੇ ਨਾਲ ਸੀ
ਤਲੀ ਤੇ ਟਿਕਾਏ ਸੂਰਜ ਦੀ ਲੋਅ 'ਚ
ਉਸ ਚੁੱਪ ਦੇ ਡਰਾਉਣੇ ਸਾਇਆਂ ਨੂੰ
ਪਹਿਚਾਣਿਆਂ
ਜੋ ਆਪਣੇ ਗ਼ਮ ਦੇ ਪੁੰਗਰਨ ਤੋਂ ਪਹਿਲਾਂ
ਉਹ ਕਿਸੇ ਪਹਾੜ ਹੇਠ ਦਫ਼ਨਾ ਆਇਆ ਸੀ

−0−

ਉਹ
ਉਹ ਦੋ ਨੈਣਾਂ ਦੇ ਸਾਏ ਸਨ
ਜਿਨ੍ਹਾਂ ਦੀ ਤਲੀ ਉਸ ਆਪਣਾ
ਕੱਟਿਆ ਸਿਰ ਧਰਿਆ ਸੀ
ਤੇ ਆਪਣੀ ਦੇਹ ਦੇ ਲਹੂ ਦਾ ਸਮੁੰਦਰ ਤਰਿਆ ਸੀ
ਕਿ ਸਮੁੰਦਰ ਦੇ ਦੂਜੇ ਕਿਨਾਰੇ
ਜਿਹੜੀ ਖੁਸ਼ਬੂ ਮੋਈ ਸੀ
ਉਹ ਉਸਦੇ ਲਹੂ ਦੇ ਹਾਣ ਦੀ ਰੁੱਤ ਹੋਈ ਸੀ

ਗ਼ਮਾਂ ਦੇ ਸਾਥ 'ਚ
ਤੇ ਸੂਰਜ ਦੀ ਲੋਅ 'ਚ
ਉਸ ਨੂੰ ਸਭ ਕੁੱਝ ਨਜ਼ਰ ਆਉਂਦਾ ਗਿਆ
ਉਸਦੇ ਵਰਤਮਾਨ 'ਚ ਉਤਰਦਾ ਗਿਆ
ਸਮੁੰਦਰ ਜੋ ਉਸਦੇ ਗੱਲ ਤਕ ਅੱਪੜਿਆ ਸੀ
ਆਸਤਾ ਆਸਤਾ
ਉਸਦੇ ਪੈਰਾਂ 'ਚ ਢਲਦਾ ਗਿਆ

-0-

ਖਸ਼ਬੂ ਲਈ
ਉਸ ਆਪਣਾ ਸਿਰ ਕੱਟ ਕੇ
ਜਿਨ੍ਹਾਂ ਨੈਣਾਂ ਦੀ ਤਲੀ ਤੇ ਧਰਿਆ ਸੀ
ਉਹ ਨੈਣ ਉਸ ਦੇ ਆਪਣੇ ਸਨ
ਜਿਨ੍ਹਾਂ ਚੋਂ
ਖਸ਼ਬੂ ਦੇ ਕਤਲ ਦਾ ਸੈਲਾਬ
ਉੱਠਿਆ
ਤੇ ਉਸਦਾ ਸਭ ਕੁੱਝ ਵਹਾ ਕੇ ਲੈ ਗਿਆ
ਉਸਦੇ ਨੈਣਾਂ 'ਚ ਖਸ਼ਬੂ ਦਾਂ
ਮੁਰਦਾ ਬਦਨ ਤਰਦਾ ਰਹਿ ਗਿਆ

-0-

ਖਸ਼ਬੂ ਆਪਣੇ ਕਤਲ ਪਿੱਛੋਂ ਵੀ
ਕਬਰ ਚੋਂ ਬੋਲਦੀ
ਸ਼ਹਿਰ ਦੇ ਪੱਥਰਾ ਗਏ ਜਿਸਮ ਚੋਂ
ਸਮੁੰਦਰ ਦੇ ਜੰਮ ਗਏ ਲਹੂ ਚੋਂ ਪੁਕਾਰ ਦੀ
ਕੌਣ ਹੈ
ਜੋ ਆਪਣਾ ਸਿਰ ਦੇ ਕੇ
ਮੋਈ ਖਸ਼ਬੂ ਦਾ ਮੁੱਲ ਤਾਰਦਾ ਹੈ
ਕੌਣ ਹੈ
ਜੋ ਸਿਰ ਦੇ ਕੇ
ਮੋਈਆਂ ਖਸ਼ਬੂਆਂ ਦੇ
ਜਿਉਂਦੇ ਮਕਬਰੇ ਉਸਾਰਦਾ ਹੈ ।

----

## ਪੜਾਅ

ਪਹਿਲਾ ਮਨੁੱਖ
ਆਪਣੇ ਭੂਤ ਵਰਮਤਾਨ ਤੇ ਭਵਿੱਖ ਤੋਂ
ਅੱਗੇ ਖੜ੍ਹਾ ਹੈ
ਆਪਣੇ ਭੂਤ ਵਰਤਮਾਨ ਦੀਆਂ
ਪਾਉੜੀਆਂ ਚੜ੍ਹਦਾ ਤੇ ਉਤਰਦਾ ਹੈ
ਆਪਣੀ
ਇਸ ਭੂਤ ਤੇ ਵਰਤਮਾਨ ਦੀ ਸਿਖ਼ਰ 'ਚ
ਉਸਨੂੰ
ਆਪਣੇ ਸਫ਼ਰ ਦੀ
ਜਮਾਂ ਹੀ ਜਮਾਂ ਨਜ਼ਰ ਆਉਂਦੀ ਹੈ
ਭਵਿੱਖ ਤੋਂ ਅੱਗੇ
ਉਸਦੀ ਨਜ਼ਰ 'ਚ ਕੋਈ ਸਫ਼ਰ ਨਹੀਂ ਮੰਜ਼ਿਲ ਨਹੀਂ

-0-

ਦੂਜਾ ਮਨੁੱਖ
ਭੂਤ ਤੇ ਵਰਤਮਾਨ ਦੇ ਰੱਸੇ ਤੇ ਟੁਰਦਾ
ਹਰ ਵਾਰ
ਆਪਣੀ ਵਿਜੈ ਦੇ ਪ੍ਰਚਮ
ਇਨ੍ਹਾਂ ਪੜਾਵਾਂ 'ਚ ਗੱਡਦਾ ਹੈ
ਭਵਿੱਖ ਦੇ ਅੱਗੇ ਜਦ ਰੁਕਦਾ
ਤਾਂ ਉਸ ਦੁਆਲੇ ਮੰਜ਼ਲਾਂ ਹੀ ਮੰਜ਼ਲਾਂ ਹਨ
ਜਦ ਟੁਰਦਾ ਹੈ
ਤਾਂ ਉਸ ਦੇ ਮਸਤਕ ਤੇ ਪੈਰਾਂ 'ਚ
ਰਾਹ ਕੋਈ ਨਹੀਂ ਹੈ

-0-

ਤੀਜਾ ਮਨੁੱਖ
ਭੂਤ ਦੇ ਬਿੰਦੂ ਚੋਂ ਵਰਤਮਾਨ

ਵਰਤਮਾਨ ਦੇ ਬਿੰਦੂ ਚੋਂ
ਭਵਿੱਖ ਝਾਕਦਾ ਹੈ
ਭਵਿੱਖ ਤੋਂ ਅੱਗੇ
ਉਸ 'ਚ ਆਤਮ ਸੰਤੋਸ਼
ਦਾ ਚਿਹਰਾ ਜਗਦਾ ਹੈ
ਜਿਸਦੀ ਲੋਅ ਹੇਠ
ਨਾ ਉਹ ਆਪਣੇ ਸਫ਼ਰ 'ਚ ਜਮਾਂ
ਨਾ ਦੁਆਲੇ ਮੰਜ਼ਲਾਂ
ਨਾ ਪੈਰਾਂ 'ਚ ਰਾਹ ਤੱਕਦਾ ਹੈ
ਸਿਰਫ਼ ਆਤਮ ਸੰਤੋਸ਼ੀ ਹੈ
ਨਾ ਭੂਤ ਨਾ ਵਰਤਮਾਨ ਨਾ
ਭਵਿੱਖ ਵੱਲ ਝਾਕਦਾ ਹੈ

-0-

ਚੌਥਾ ਆਦਮੀ
ਆਪਣੇ ਵਜੂਦ ਭੂਤ ਵਰਤਮਾਨ
ਤੋਂ ਭਵਿੱਖ ਤੋਂ ਅੱਗੇ ਖੜ੍ਹਾ ਹੈ
ਭਵਿੱਖ ਚੋਂ ਵਰਤਮਾਨ
ਵਰਤਮਾਨ ਚੋਂ ਭਵਿੱਖ ਸਿਰਜਦਾ ਹੈ
ਸਮੇਂ ਦੀ ਗਤੀ 'ਚ
ਉਤਰਦਾ ਹੈ ਚੜ੍ਹਦਾ ਹੈ
ਉਸ ਦੇ ਭੂਤ ਦੀ ਮੱਨਫ਼ੀ
ਵਰਤਮਾਨ ਦੀ ਜਮਾਂ ਹੈ
ਵਰਤਮਾਨ ਦੀ ਜਮਾਂ ਭਵਿੱਖ ਦੀ ਜਮਾਂ ਹੈ
ਉਸ ਦਾ ਭੂਤ ਵਰਤਮਾਨ ਤੇ ਭਵਿੱਖ
ਆਤਮ ਨਿਰਭਰਤਾ ਤੇ
ਆਤਮ ਸੰਤੋਸ਼ ਦੀ ਹੋਂਦ ਜਿਉਂਦੇ ਹਨ
ਪਰ ਉਹ ਭਵਿੱਖ ਤੋਂ ਅੱਗੇ ਖੜ੍ਹਾ
ਆਤਮ ਖੋਜ ਦੀ ਜੂਨ ਹੰਢਾ ਰਿਹਾ ਹੈ
ਜੀਅ ਰਿਹਾ ਹੈ

-0-

ਉਹ ਨਾ ਸਫ਼ਰ 'ਚ ਜਮਾਂ
ਨਾ ਦੁਆਲੇ ਮੰਜ਼ਲਾਂ
ਨਾ ਪੈਰਾਂ 'ਚ ਰਾਹ
ਨਾ ਸੰਤੋਸ਼ ਦੇ ਬਿੰਦੂਆਂ 'ਚ ਘਿਰਿਆ ਹੈ
ਉਹ ਤਾਂ ਆਤਮ
ਖੋਜ ਦੀ ਤਲਾਸ਼ 'ਚ
ਭੂਤ ਵਰਤਮਾਨ ਤੇ ਭਵਿੱਖ ਦੀ ਹੋਂਦ
ਉਤਾਰਨਾ ਚਾਹੁੰਦਾ ਹੈ
ਆਪਣੇ ਸੰਕਲਪ ਨੂੰ
ਬਾਰ ਬਾਰ ਸੁਆਰਨਾ ਚਾਹੁੰਦਾ ਹੈ
ਆਪਣੇ ਸੰਕਲਪ ਦਾ ਸੱਚ
ਸਮੇਂ ਤੋਂ ਅਗਲੇ ਸੱਚ 'ਚ ਉਤਾਰਨਾ ਚਾਹੁੰਦਾ ਹੈ
ਜਿੱਥੇ ਨਾ ਭੂਤ ਹੈ ਨਾ ਵਰਤਮਾਨ ਹੈ ਨਾ ਭਵਿੱਖ ਹੈ ।

------

## ਓਪਰੇ ਫੇਫੜੇ ਉਧਾਰੇ ਸਾਹ

ਉਹ ਜਦ
ਓਪਰੇ ਫੇਫੜਿਆਂ ਰਾਹੀਂ
ਉਧਾਰੇ ਸਾਹਾਂ ਦਾ ਕਰਜ਼ਾ ਸਿਰ ਤੇ
ਚਾੜ੍ਹਦਾ
ਲੱਗਦਾ
ਅੱਗ ਦਾ ਸਮੁੰਦਰ ਤਰ ਰਿਹਾ ਹੋਵੇ
ਸੂਰਜ ਦੀ ਕੁੱਛੜ ਬੈਠਾ ਠਰ ਰਿਹਾ ਹੋਵੇ

-0-

ਉਹ ਇਕ ਦੁਨੀਆਂ
ਆਪਣੇ ਅੰਦਰ ਬੀਜਦਾ
ਇਕ ਦੁਨੀਆਂ
ਆਪਣੇ ਬਾਹਰ ਉੱਗਾਉਂਦਾ
ਤੇ ਦੋਹਾਂ
ਦੁਨੀਆਂ ਦੇ ਚਿਹਰਿਆਂ ਚੋਂ
ਆਪ ਮੱਨਫੀ ਹੋ ਜਾਂਦਾ
ਦੋਹਾਂ ਦੁਨੀਆਂ ਦੀ ਸਿਰਜਣਾ
ਆਪਣੇ ਸਿਰਜਕ ਬਿਨ ਉਦਾਸ ਰਹਿੰਦੀ
ਦੁਨੀਆਂ ਦੇ
ਜੰਗਲ 'ਚ ਲਗੇ ਰੁੱਖਾਂ ਨੂੰ
ਫੁੱਲ ਜੰਗਲ ਦੀਆਂ ਜੜ੍ਹਾਂ ਬਾਰੇ ਪੁੱਛਦੇ
ਆਪਣੇ ਮੁੱਢ ਬਾਰੇ ਪੁੱਛਦੇ
ਆਪਣੇ ਬੀਜ ਬਾਰੇ ਪੁੱਛਦੇ

-0-

ਆਪਣੀ ਹੋਂਦ ਦਾ ਸੱਚ ਜਾਣਨ ਲਈ
ਦੁਨੀਆਂ ਆਪਣਾ ਕਲਬੂਤ ਤਿਆਗ
ਸਿਰਜਣਾ ਆਪਣਾ ਖੋਲ ਉਤਾਰ

ਆਪਣੇ ਸਿਰਜਕ ਦੀ ਭਾਲ 'ਚ
ਦਿਸਹੱਦਿਆਂ ਚੋਂ ਨਿਕਲਦੇ ਨਿਕਲਦੇ
ਏਨਾ ਦੂਰ ਆ ਗਏ
ਜਿੱਥੇ ਨਾ ਕੋਈ ਦਿਸਹੱਦਾ ਸੀ
ਨਾ ਧਰਤ ਸੀ ਨਾ ਅਕਾਸ਼ ਸੀ
ਓਪਰੇ ਫੇਫੜਿਆਂ ਦੇ
ਉਧਾਰੇ ਸਾਹਾਂ ਦੇ ਕਰਜ਼ਿਆਂ ਦਾ ਪਸਾਰ ਸੀ
ਜਿਸ 'ਚ ਉਹ
ਅਜੇ ਜੀਅ ਰਿਹਾ ਸੀ
ਅੱਗ ਦਾ ਸਮੁੰਦਰ ਤਰ ਰਿਹਾ ਸੀ
ਤੇ ਸੂਰਜ ਮੁੱਠ 'ਚ ਫੜਿਆਂ ਵੀ
ਠਰ ਰਿਹਾ ਸੀ

-0-

ਦੁਨੀਆਂ
ਜਦ ਆਪਣੇ ਕਲਬੂਤ 'ਚ ਪਰਤੀ
ਤਾਂ ਦੁਨੀਆਂ ਦੀ ਹੋਂਦ ਤੋਂ ਬਿਨਾਂ
ਕਲਬੂਤ ਜੀਅ ਰਿਹਾ ਸੀ
ਸਿਰਜਣਾ ਜਦ ਆਪਣੇ ਖੋਲ 'ਚ
ਪਰਤੀ
ਤਾਂ ਖੋਲ ਸਿਰਜਣਾ ਦੀ ਹੋਂਦ ਬਿਨਾਂ
ਟੁਰਦਾ ਫਿਰਦਾ ਉਠਦਾ ਬੈਠਦਾ
ਤੇ ਬੋਲਦਾ ਸੀ

-0-

ਓਪਰੇ ਫੇਂਫੜਿਆਂ ਦੇ ਉਧਾਰੇ ਸਾਹਾਂ
ਦਾ ਅਹਿਸਾਸ
ਦੁਨੀਆਂ ਨੂੰ ਵੀ ਕਲਬੂਤ ਨੂੰ ਵੀ
ਸਿਰਜਣਾ ਨੂੰ ਵੀ ਖੋਲ ਨੂੰ ਵੀ ਹੋਇਆ
ਕਿ ਚਾਹੇ ਫੇਫੜੇ ਓਪਰੇ ਹੋਣ
ਜਾਂ ਸਾਹ ਉਧਾਰੇ ਹੋਣ
ਜ਼ੀਵਨ ਹੋਂਦ ਉਨ੍ਹਾ 'ਚ ਕਾਇਮ ਰਹਿੰਦੀ ਹੈ ।

----

## ਭੂਤ
### ਪਹਿਲਾ ਪ੍ਰਭਾਵ

ਮੇਰੇ ਭੂਤ 'ਚ ਵਰਤਮਾਨ ਦੀ ਥੋੜ ਹੈ
ਮੇਰੇ ਜਲ ਨੂੰ ਪਿਆਸ ਦੀ ਤ੍ਰਿਸ਼ਨਾ ਹੈ
ਅੱਗਣ ਨੂੰ ਤੇਜ਼ ਹਵਾ ਨੂੰ ਗਤੀ ਦੀ ਲੋੜ ਹੈ
ਮੇਰੇ ਦੁਆਲੇ
ਪ੍ਰਕਿਰਤੀ ਹਰਿਆਵਲ ਤੋਂ ਸੱਖਣੀ ਹੈ
ਮੇਰੇ ਸਿਰ ਦਾ ਅੰਬਰ
ਚੰਨਾਂ ਸੂਰਜਾਂ ਤਾਰਿਆਂ ਤੋਂ ਖ਼ਾਲੀ ਹੈ
ਧਰਤੀ ਬਾਂਝ ਹੈ
ਦੁਆਲੇ ਉਦਾਸੀ ਹੈ
ਮੇਰਾ ਆਪਾ
ਦੋਸਤਾਂ ਦੁਸ਼ਮਣਾਂ ਤੋਂ ਵਿਹੂਣਾ ਹੈ
ਮੇਰੀਆਂ ਅੱਖੀਆਂ ਦੇ ਖੂਹ
ਸੁੱਕੇ ਹਨ
ਦਰਿਆ ਤੇ ਸਾਗਰ ਪਿਆਸੇ ਹਨ
ਮੇਰਾ ਭੂਤ
ਕਮੀਆਂ ਕਮਜ਼ੋਰੀਆਂ ਨਾਲ ਭਰਿਆ ਹੈ
ਮੇਰੀ ਰੂਹ ਤੇ ਛਾਇਆ ਹੈ
ਮੇਰੇ ਮਸਤਕ 'ਚ ਤਣਿਆ ਹੈ
ਜਿਸਮ ਇਕ ਗੰਦਲਾ ਤਲਾਬ ਬਣਿਆ ਹੈ

-0-

ਮੇਰੇ ਦਰਪਣ ਨੂੰ
ਚਿਹਰਿਆਂ ਦੀ ਲੋੜ ਹੈ
ਮੇਰੇ ਗੁਲਸ਼ਨ ਨੂੰ ਮੌਸਮਾਂ ਬਹਾਰਾਂ ਦੀ
ਥੋੜ ਹੈ
ਜਿਸਮ 'ਚ ਲਹੂ ਦੀ ਕਮੀ ਹੈ

ਨੈਣਾਂ 'ਚ ਰੇਤ ਉੱਡਦੀ ਹੈ
ਮੇਰਾ ਰੁੱਖ ਫ਼ੱਲ ਵਿਹੂਣਾ ਹੈ
ਬਾਗ਼ਾਂ 'ਚ ਨਾ ਕੋਇਲ ਬੋਲਦੀ ਹੈ
ਨਾ ਮੋਰ ਨੱਚਦਾ ਹੈ
ਜਿਸਮ 'ਚ ਸਹਿਰਾ ਟੁਰ ਰਿਹਾ ਹੈ
ਪਹਾੜ ਭੁਰ ਰਿਹਾ ਹੈ
ਚੰਨ ਚਾਨਣੀ ਰਹਿਤ ਹੈ
ਤਾਰੇ ਰੌਸ਼ਨੀ ਤੋਂ ਸੱਖਣੇ ਹਨ
ਸੂਰਜ ਤੇਜ਼ ਤੋਂ ਖਾਲੀ ਹੈ
ਬੰਜਰ ਖੇਤਾਂ ਨਾਲ ਭਰਿਆ
ਧਰਤੀ ਦਾ ਵਿਹੜਾ ਹੈ
ਖੂਹ ਪਿਆਸੇ ਹਨ ਮਾਨਵਤਾ ਭੁੱਖੀ ਹੈ
ਦੁਨੀਆਂ ਦੇ
ਖਸ਼ੂ ਪਖਸ਼ੀ ਜੀਵ ਜੰਤੂ ਉਦਾਸੇ ਹਨ
ਮੇਰਾ ਰੁੱਖ ਜੜ੍ਹਹੀਣ ਹੈ
ਟਹਿਣੀਆਂ ਪੱਤਿਆਂ ਫ਼ੁੱਲਾਂ ਫ਼ਲਾਂ ਤੋਂ
ਖਾਲੀ ਹੈ

-0-

ਭੂਤ 'ਚ ਵਰਤਮਾਨ ਦੀ ਥੋੜ
ਮੇਰਾ ਆਪਣਾ ਚਿਹਰਾ ਹੈ
ਆਪਣੀ ਹੋਂਦ ਤੇ ਤਲਾਸ਼ ਦੀ ਭਟਕਣ ਹੈ
ਮੈਂ ਆਪਣੇ ਵਰਤਮਾਨ 'ਚ
ਜੋ ਬੀਜਿਆ ਸੀ
ਉਹ ਮੇਰਾ ਸੱਖਣਾ ਤੇ ਅਧੂਰਾਪਣ ਬਣਕੇ
ਮੇਰੀ ਪਿੱਠ ਪਿੱਛੇ ਉੱਗ ਆਇਆ ਹੈ
ਸਮਾਂ ਗਤੀ ਰਹਿਤ ਹੋ
ਮੇਰੇ ਪੈਰਾਂ ਤੇ ਮਸਤਕ 'ਚ ਅਟਕਿਆ ਹੈ
ਬਹਾਰਾਂ 'ਚ ਉਜਾੜਾਂ ਮੌਸਮਾਂ 'ਚ ਉਦਾਸੀ ਹੈ
ਪ੍ਰਕਿਰਤੀ ਦਾ ਜਿਸਮ
ਸੋਕੇ ਦੀ ਸੂਲੀ ਤੇ ਲਟਕਿਆ ਹੈ

ਬੱਦਲ ਕਣੀਆਂ ਹੀਣ ਹਨ
ਮੈਂ ਜ਼ਿੰਦਗੀ ਦੇ ਸੱਖਣੇਪਣ 'ਚ
ਘਿਰਿਆ ਹਾਂ
ਉਦਾਸੀ ਪੱਤਝੜਾਂ ਚੁੱਪਾਂ ਉਜਾੜਾਂ
ਦਾ ਖੂਹ ਬਣਕੇ ਗਿੜਿਆ ਹਾਂ

-0-

ਭੂਤ 'ਚ ਵਰਤਮਾਨ ਦੀ ਥੋੜ
ਮੇਰੀ ਮਾਨਸਿਕਤਾ
ਮੇਰਾ ਚਿਹਰਾ ਭੁੱਲ ਗਈ ਹੈ
ਰਾਹਾਂ ਵਾਂਗ ਪਾਟ ਗਈ ਹੈ
ਜ਼ੱਰਿਆਂ ਵਾਂਗ ਖਿਲਰ ਗਈ ਹੈ
ਜਿਸਮ ਚੋਂ ਰੇਤਾ ਵਾਂਗ ਕਿਰ ਗਈ ਹੈ
ਨਜ਼ਰ 'ਚ ਮੁਸੀਬਤਾਂ ਤੇ ਔਕੜਾਂ ਦੇ
ਜੰਗਲ ਉੱਗ ਆਏ ਹਨ
ਮੇਰੇ 'ਚ ਵਗਦੇ ਸਮੁੰਦਰ ਠਹਿਰ ਗਏ ਹਨ
ਮੇਰੇ ਅੰਗ ਤੇ ਨਖ਼ਸ਼ ਖਿਲਰ ਗਏ ਹਨ
ਗੁਆਚ ਗਏ ਹਨ
ਧੁੱਪਾਂ 'ਚ ਲੂਹਿਆ ਗਿਆ ਹਾਂ ਮੈਂ
ਛਾਵਾਂ ਲਈ ਤਰਸ ਗਿਆ ਹਾਂ
ਮੈਂ ਵਰਤਮਾਨ
ਭੂਤ ਦੀ ਥੋੜ ਸਦਕਾ ਭੂਤ ਦਾ ਜੀਵਨ ਨਹੀਂ
ਮੁਰਦਾ ਜਿਹਾ ਹਾਂ

-0-

ਮੇਰੇ ਖ਼ਾਲੀਪਣ 'ਚ
ਮੇਰੀ ਅਪਣੀ ਹੀ ਲਾਸ਼ ਤੈਰਦੀ ਹੈ
ਨਾ ਦੇਹ ਨੂੰ ਨਾ ਬੁੱਧ ਨੂੰ ਅਰਾਮ ਹੈ
ਖੁਸ਼ੀਆਂ ਰੌਣਕਾਂ ਚੈਨ ਖ਼ੋਹ ਕੇ ਲੈ ਗਿਆ ਕੋਈ
ਸੂਲੀ ਤੇ ਜਾਨ ਟੰਗੀ ਹੈ

ਭੂਤ 'ਚ ਵਰਤਮਾਨ ਦੀ ਥੋੜ ਲੱਗੀ ਹੈ
ਮਸਤਕ 'ਚ ਜਿਉਣ ਦੀ ਖ਼ਾਹਸ਼ ਮੋਈ ਹੈ

-0-

ਮੇਰਾ ਜਿਸਮ
ਜਿਸਮ ਦੇ ਦਰ ਤੇ ਅੱਖਾਂ ਲਾਈ ਬੈਠਾ ਹੈ
ਮੇਰਾ ਅੰਦਰ
ਆਪਣਾ ਆਪਾ ਰਾਹਾਂ 'ਚ ਵਿਛਾਈ ਬੈਠਾ ਹੈ
ਕਿ ਕਦ ਮੇਰਾ ਭੂਤ ਵਰਤਮਾਨ
ਦਾ ਪਿੰਡਾ ਹੰਢਾਏਗਾ
ਕਾਇਆਕਲਪ ਕਰਨ ਲਈ
ਵਰਤਮਾਨ ਦੇ ਮੱਥੇ 'ਚ ਉੱਗ ਆਏਗਾ
ਕਦ ਮੇਰੀਆਂ
ਕਮੀਆਂ ਕਮਜ਼ੋਰੀਆਂ 'ਚ
ਪੂਰਤੀ ਦਾ ਬੀਜ ਪੁੰਗਰੇਗਾ
ਵਰਤਮਾਨ ਮੇਰੀ ਚੇਤਨਾ ਤੇ ਸ਼ਕਤੀ
ਝੰਜੋੜੇਗਾ
ਵਰਤਮਾਨ ਚੋਂ ਭੂਤ ਜਾਂ
ਭੂਤ ਚੋਂ ਵਰਤਮਾਨ ਨਿਚੋੜੇਗਾ

-0-

ਪ੍ਰਭਾਵ ਦੂਜਾ :
ਭੂਤ ਦੀ ਥੋੜ ਹੀ
ਵਰਤਮਾਨ ਦੀ ਪੂਰਤੀ ਦਾ ਅੰਕੁਰ ਹੈ
ਜੇ ਭੂਤ ਦੇ ਸਾਗਰ 'ਚ ਵਿਸ਼ ਹੈ
ਤਾਂ ਅਮ੍ਰਿਤ ਵੀ ਹੈ
ਭੂਤ ਦੀ ਥੋੜ 'ਚ ਹੀ ਚੰਨਾਂ ਸੂਰਜਾਂ ਤਾਰਿਆਂ
ਦਾ ਗਗਨ ਹੈ
ਹਵਾ ਦੀ ਗਤੀ ਹੈ ਤੇਜ਼ ਹੈ ਅੱਗਣ ਹੈ

ਪਿਆਸੇ ਜਲ ਦੀ ਤ੍ਰਿਪਤੀ
ਪੱਤਝੜ ਦੇ ਪਿੰਡੇ 'ਚ ਬਹਾਰ ਹੈ
ਜੰਗਲ ਦੀ ਹਰਿਆਵਲ 'ਚ ਪ੍ਰਕਿਰਤੀ
ਦਾ ਨੂਰ ਹੈ

-0-

ਆਪਣੇ ਵਰਤਮਾਨ ਦੇ ਪਿੰਡੇ 'ਚ
ਭੂਤ ਦੀਆਂ ਕਮੀਆਂ ਕਮਜ਼ੋਰੀਆਂ
ਤੇ ਸੱਖਣਾਪਣ ਉਤਾਰ ਦੇ
ਵਰਤਮਾਨ 'ਚ ਭੂਤ ਦੀ ਚੁੱਪ ਉਦਾਸੀ
ਤੇ ਉਜਾੜ ਖਿਲਾਰ ਦੇ
ਵਰਤਮਾਨ ਦੇ ਨੈਣਾਂ 'ਚ ਭੂਤ ਦਾ
ਚਿਹਰਾ ਉਤਾਰ ਦੇ
ਭੂਤ ਦਾ ਨਰਕ
ਜਦ ਵਰਤਮਾਨ ਦੇ ਪਿੰਡੇ 'ਚ ਟੁਰੇਗਾ
ਵਰਤਮਾਨ
ਆਪਣੇ ਆਪ ਨੂੰ ਦੁਹਰਾਏਗਾ
ਪਛਤਾਏਗਾ
ਰਿਸ਼ਟਪੁਸ਼ਟ ਤੇ ਪੂਰ ਨੂਰ ਭੂਤ
ਆਪਣੇ ਪਿੰਡੇ ਚੋਂ ਜਨਮੇਂਗਾ
ਆਪਣੀਆਂ ਤਲ਼ੀਆਂ ਤੇ ਧਰੇਗਾ

-0-

ਭੂਤ ਦੀ ਥੋੜ ਭਰੀ ਕੁੱਖ ਚੋਂ
ਵਰਤਮਾਨ ਦੀ ਸ਼ਕਤੀ ਉਦੈ ਹੋਵੇਗੀ
ਗਤੀਆਂ ਤੇ ਉੱਦਮ ਦਾ ਬੀਜ ਪੁੰਗਰੇਗਾ

ਮਨੁੱਖ 'ਚ ਮਨੁੱਖਤਾ ਜਗੇਗੀ
ਸਾਂਝੀਵਾਲਤਾ ਏਕਤਾ ਤੇ ਪਿਆਰ ਦੀ
ਹਵਾ ਵਗੇਗੀ
ਵਰਤਮਾਨ ਭੂਤ ਦੀਆਂ ਖੁਸ਼ੀਆਂ
ਲਈ ਰੀਝੇਗਾ
ਭੂਤ ਦੇ ਸੱਖਣੇ ਅਧੂਰੇਪਣ ਤੇ ਪਸੀਜੇਗਾ

-0-

ਵਰਤਮਾਨ 'ਚ ਜੋ ਬੀਜਿਆ ਜਾਂਦਾ ਹੈ
ਉੱਗਣ ਤਕ ਵਰਤਮਾਨ ਭੂਤ 'ਚ ਬਦਲ ਜਾਂਦਾ ਹੈ
ਭੂਤ 'ਚ ਉੱਗਿਆ ਰੁੱਖ
ਵਰਤਮਾਨ ਦਾ ਸੱਚ ਕਹਾਉਂਦਾ ਹੈ
ਵਰਤਮਾਨ ਦੇ ਕਾਰਜ ਕਰਮ ਦਾ ਫ਼ਲ
ਭੂਤ 'ਚ ਉੱਗੇ ਰੁੱਖ ਨੂੰ ਲਗਦਾ ਹੈ
ਭੂਤ ਦੇ ਵਿਹੜੇ ਵਰਤਮਾਨ
ਤੇ ਵਰਤਮਾਨ ਦਾ ਸੱਚ ਪੁੱਗਦਾ ਹੈ

-0-

ਵਰਤਮਾਨ
ਜਦ ਭੂਤ ਨੂੰ ਲੈ ਕੇ ਨਾਲ ਟੁਰਦਾ ਹੈ
ਤਾਂ ਭਵਿੱਖ ਦੇ ਵਿਹੜੇ ਚਾਨਣ ਦਾ ਰੁੱਖ
ਬਣਕੇ ਉੱਗਦਾ ਹੈ
ਸੂਰਜ ਵਾਂਗ ਚੜ੍ਹਦਾ ਹੈ
ਭੂਤ ਦੀਆਂ ਕਮੀਆਂ ਕਮਜ਼ੋਰੀਆਂ
ਤੇ ਸੱਖਣੇਪਣ ਦੇ ਅਧਾਰ ਤੇ
ਵਰਤਮਾਨ ਆਪਣਾ ਭਵਿੱਖ
ਸਿਰਜਦਾ ਹੈ
ਭਵਿੱਖ ਲਈ ਪੂਰਨਤਾ ਸੰਤੁਸ਼ਟੀ
ਤੇ ਸਫ਼ਲਤਾ ਜਨਮਦਾ ਹੈ

-0-

ਭੂਤ ਚੋਂ ਉੱਗਦਾ ਹੈ ਵਰਤਮਾਨ
ਭਵਿੱਖ 'ਚ ਉਤਰ ਜਾਂਦਾ ਹੈ
ਗਤੀਸ਼ੀਲ ਰਹਿੰਦਾ ਹੈ
ਵਰਤਮਾਨ ਆਪਣਾ ਖਾਲੀਪਣ ਭਰਦਾ ਹੈ
ਤੇ ਭਵਿੱਖ 'ਚ
ਦੁਆਲੇ ਦੀ ਦੁਨੀਆਂ ਦੇ ਬਨੇਰ ਤੇ
ਸੂਰਜ ਧਰਦਾ ਹੈ
ਵਰਤਮਾਨ ਦੇ ਪਿੰਡੇ 'ਚ ਭੂਤ ਦੀ ਜੜ੍ਹ ਹੈ
ਭਵਿੱਖ ਦਾ ਫ਼ਲ ਹੈ
ਵਰਤਮਾਨ ਦੇ ਪਿੱਛੇ ਵੀ ਕੱਲ੍ਹ ਹੈ
ਅੱਗੇ ਵੀ ਕੱਲ੍ਹ ਹੈ
ਵਰਤਮਾਨ ਜਦ ਭੂਤ 'ਚ ਵਿਚਰਦਾ ਹੈ
ਆਪਣਾ ਆਪਾ
ਉਧੇੜਦਾ ਸਿਊਂਦਾ ਧੋਂਦਾ ਤੇ
ਨਿਚੋੜਦਾ ਹੈ
ਆਪਣੇ ਆਪ ਚੋਂ ਜ਼ਿੰਦਗੀ ਦਾ ਕੂੜਾ
ਕੱਢ ਕੇ ਬਾਹਰ ਸੁੱਟਦਾ ਹੈ
ਆਪਣੇ ਆਪ ਨੂੰ
ਸੱਚ ਸੁੰਦਰਤਾ ਨਿਮਰਤਾ ਤੇ ਪਿਆਰ
ਨਾਲ ਭਰਦਾ ਹੈ
ਜਦ ਆਉਣ ਵਾਲਾ ਕੱਲ੍ਹ
ਭੂਤ 'ਚ ਬਦਲਦਾ ਹੈ
ਤਾਂ ਮਨੁੱਖ ਦੀ ਪਿੱਠ ਪਿੱਛੇ ਜੋ ਵੀ
ਉੱਗਿਆ ਹੈ
ਚੰਗਾ ਸਾਫ਼ ਸੁਥਰਾ ਤੇ ਸੁੱਚਾ
ਲੱਗਦਾ ਹੈ

-0-

ਭੂਤ ਵਰਤਮਾਨ ਦਾ ਅੰਤ ਹੈ
ਭਵਿੱਖ ਦਾ ਅੰਤ ਹੈ
ਭਵਿੱਖ ਲਈ ਸੱਚ
ਵਰਤਮਾਨ 'ਚ ਬੀਜਿਆ ਜਾਂਦਾ ਹੈ
ਭਵਿੱਖ 'ਚ ਉੱਗਦਾ ਦਿੱਸਦਾ ਨਹੀਂ
ਜਦ ਤਕ ਭਵਿੱਖ ਭੂਤ 'ਚ ਢਲ ਨਹੀਂ ਜਾਂਦਾ
ਭਵਿੱਖ ਲਈ
ਵਰਤਮਾਨ ਦਾ ਸੱਚ ਨਜ਼ਰ ਨਹੀਂ ਆਉਂਦਾ
ਭੂਤ 'ਚ ਵਰਤਮਾਨ ਦੀ ਜੜ੍ਹ ਹੈ
ਭਵਿੱਖ ਦਾ ਵਿਸਥਾਰ ਹੈ

-0-

ਭੂਤ
ਭਵਿੱਖ ਤੇ ਵਰਤਮਾਨ ਦੇ ਆਰ ਪਾਰ ਹੈ
ਵਰਤਮਾਨ 'ਚ ਭਵਿੱਖ ਦਾ ਸੰਕਲਪ ਹੈ
ਭੂਤ 'ਚ ਭਵਿੱਖ ਦਾ ਅੰਤ ਹੈ
ਭੂਤ 'ਚ ਵਰਤਮਾਨ ਤੇ ਭਵਿੱਖ ਦਾ ਸੱਚ ਹੈ
ਵਰਤਮਾਨ ਜਨਮਦਾ ਹੀ ਭੂਤ ਵੱਲ ਟੁਰਦਾ ਹੈ
ਭਵਿੱਖ ਆਉਂਦਾ ਹੀ ਭੂਤ ਵੱਲ ਜਾਂਦਾ ਹੈ
ਭੂਤ ਹੀ ਵਰਤਮਾਨ ਤੇ ਭਵਿੱਖ ਦਾ
ਅਦਿ ਹੈ ਅੰਤ ਹੈ
ਭੂਤ ਦੀ ਕੁੱਖ 'ਚ ਕਮੀਆਂ ਕਮਜ਼ੋਰੀਆਂ ਤੇ
ਸੱਖਣੇਪਣ ਦੀ ਜੜ੍ਹ ਹੈ
ਭਵਿੱਖ 'ਚ ਚੰਨਾਂ ਸੂਰਜਾਂ ਤਾਰਿਆਂ ਦੀ ਰੌਸ਼ਨੀ ਹੈ
ਭੂਤ ਵਰਤਮਾਨ ਤੇ ਭਵਿੱਖ ਦੇ ਸੁਧਾਰ ਦਾ ਸਮਾਂ ਹੈ
ਭੂਤ ਹੀ ਵਰਤਮਾਨ ਤੇ ਭਵਿੱਖ ਦਾ ਵਿਸਥਾਰ ਹੈ
ਕੁੱਖ ਹੈ ਗੁਜ਼ਰ ਹੈ ਮੋਖ਼ਸ਼ਾ ਦਾ ਦੁਆਰ ਹੈ ।

------

## ਅਸੁਰਤੀ ਤੋਂ ਸੁਰਤੀ ਤੱਕ

ਮੈਂ
ਆਪਣੇ ਆਪ ਤੋਂ ਭੱਜਾਂ ਵੀ ਤਾਂ ਕਿਸ ਤਰ੍ਹਾਂ
ਜਿਸ ਦਿਸ਼ਾ ਵਲ ਵੀ ਕਦਮ ਪੁੱਟੇਂ
ਮੇਰਾ ਚਿਹਰਾ
ਮੇਰੇ ਸਾਂਵੇ ਆ ਖਲੋਇਆ ਹੈ
ਜੋ ਬਿਨ ਅੰਗਾ ਹੈ
ਜਿਸ ਦਾ ਹਰ ਨਕਸ਼ ਤਿੜਕਿਆ ਹੈ
ਜੋ ਅਸੁਰਤੀ 'ਚ ਘਿਰਿਆ
ਆਪਣੀ ਪਹਿਚਾਣ ਭੁੱਲ ਗਿਆ ਹੈ
ਸਿਰ ਤੋਂ ਪੈਰਾਂ 'ਚ ਉਤਰ ਗਿਆ ਹੈ
ਰਾਹਾਂ 'ਚ ਭੁੱਲ ਗਿਆ ਹੈ ਖਿੱਲਰ ਗਿਆ ਹੈ

-0-

ਮੇਰੇ ਸਾਹਾਂ 'ਚ ਟੁੱਟੇ ਸੁਫ਼ਨਿਆਂ ਦੀ
ਪੰਡ ਭਾਰੀ ਹੈ
ਮੇਰੇ ਸਫ਼ਰ 'ਚ ਲੰਮੇਰੇ ਰਾਹ ਹਨ
ਮੇਰੀ ਉਮਰ ਦੀ ਗੁਥਲੀ 'ਚ ਚੁਣਵੇਂ ਸਾਹ ਹਨ
ਨਜ਼ਰ 'ਚ ਉੱਗ ਆਇਆ ਹੈ
ਤਿੜਕੇ ਚਿਹਰੇ ਗੁਆਚੇ ਅੰਗਾਂ ਦਾ ਜੰਗਲ
ਪਰਛਾਵਿਆਂ ਦੀ ਭੀੜ 'ਚ
ਗੁਆਚ ਗਿਆ ਹੈ ਦੇਹ ਦਾ ਸੱਚ
ਦਿਸਹੱਦੇ ਤਕ ਫੈਲ ਗਿਆ ਹੈ
ਟੁੱਟੇ ਸੁਫ਼ਨਿਆਂ ਦਾ ਕੱਚ
ਹਰ ਇਕ ਰਿਸ਼ਤਾ ਲਹੂ ਦਾ
ਦਾਅ ਤੇ ਲੱਗਾ ਹੈ
ਜ਼ਿੰਦਗੀ ਪੈਰ ਪੁੱਟਣ ਤੋਂ ਡਰਦੀ ਹੈ
ਖੰਡਰ ਉੱਗ ਆਉਂਦੇ ਹਨ
ਜਿੱਥੇ ਵੀ ਪੈਰ ਧਰਦੀ ਹੈ

-0-

ਅਸੁਰਤੀ 'ਚ ਘੇਰ ਲਿਆ ਹੈ
ਇਕੱਲ ਉਦਾਸੀ ਚੁੱਪ ਤੇ ਵੀਰਾਨੀ ਨੇ
ਦੇਹ ਦਾ ਪੰਛੀ
ਬੁੱਝ ਗਿਆ ਹੈ ਮੱਥੇ ਦਾ ਚਿਰਾਗ
ਫੈਲ ਗਿਆ ਹੈ ਦੇਹ 'ਚ
ਹਨ੍ਹੇਰਾ ਬੇਹਿਸਾਬ
ਬੁੱਝ ਗਏ ਹਨ ਪੈਰਾਂ 'ਚ ਪਹਾੜ
ਵੇਗ ਛੱਡ ਗਿਆ ਹੈ ਦੇਹ ਦਾ ਆਲ੍ਹਣਾ
ਲਹੂ ਦਾ ਗਾੜ੍ਹਾ ਧੂਆਂ
ਅੰਬਰ ਤੇ ਹੈ ਫੈਲਿਆ
ਪ੍ਰਾਣ ਭੁੱਲ ਗਿਆ ਹੈ ਰਸਤਾ ਸਰੀਰ ਦਾ
ਹੰਝੂਆਂ 'ਚ ਤੈਰਦਾ ਹੈ
ਮੁਰਦਾ ਜ਼ਮੀਰ ਦਾ

-0-

ਜ਼ਿੰਦਗੀ
ਸੁੰਘੜ ਸਿਮਟ ਕੇ ਥੇਹ ਬਣ ਕੇ ਰਹਿ ਗਈ ਹੈ
ਗੁਆਚ ਗਿਆ ਹੈ
ਹਰ ਅੰਗ ਹਰ ਨਖ਼ਸ਼ ਚਿਹਰੇ ਦੇ ਦਰਪਣ 'ਚ
ਸਿਮਟ ਗਿਆ ਹੈ ਉਛਾਲੇ ਮਾਰਦਾ ਸਾਗਰ
ਬੂੰਦ ਦੀ ਅੱਖ 'ਚ
ਬੁੱਝ ਗਏ ਹਨ ਚੰਨ ਸੂਰਜ ਤਾਰੇ ਅਕਾਸ਼ ਦੇ
ਸੁਣਦੇ ਨਹੀਂ ਬੋਲ ਖ਼ੁਦ ਨੂੰ
ਰੂਹ ਦੀ ਅਵਾਜ਼ ਦੇ
ਸਾਜ਼ ਦੀਆਂ ਸੁਰਾਂ ਚੋਂ
ਸ਼ੋਰ ਜਨਮਦਾ ਹੀ ਜਾ ਰਿਹਾ ਹੈ
ਸੀਤਾ ਗਿਆ ਹੈ ਕੰਠ
ਥਿਰਕਦੇ ਹਨ ਬੋਲ ਅਵਾਜ਼ ਦੇ

-0-

ਅਸੁਰਤੀ ਦੇ ਹਨ੍ਹੇਰੇ 'ਚ
ਮੈਂ ਡੁੱਬ ਗਿਆ ਤਾਰਾ ਹਾਂ
ਜਿਸਦਾ ਕੋਈ ਅਕਾਸ਼ ਨਹੀਂ
ਖੰਭ ਨਹੀਂ ਪ੍ਰਵਾਜ਼ ਨਹੀਂ
ਮੈਂ
ਉਹ ਰੁੱਖ ਹਾਂ
ਜੋ ਅਸੁਰਤੀ ਦੀਆਂ ਹਨ੍ਹੇਰੀਆਂ 'ਚ
ਝੱਖੜਾਂ ਦੇ ਸਿੰਗੀ ਚੜ੍ਹ ਗਿਆ ਹਾਂ
ਆਪਣੇ ਪੱਤਿਆਂ ਚੋਂ ਨੁਚੜ ਗਿਆ ਹਾਂ
ਆਪਣੀਆਂ ਜੜ੍ਹਾਂ 'ਚ ਸੁੰਘੜ ਗਿਆ ਹਾਂ

-0-

ਬੀਜ ਰੁੱਖ ਦਾ ਭਵਿੱਖ ਹੈ ਵਿਸਥਾਰ ਹੈ
ਸੁਰਤੀ ਦਾ ਰੁੱਖ
ਅਸੁਰਤੀ ਦੇ ਬੀਜ ਦੇ ਵਿਚਕਾਰ ਹੈ
ਰੁੱਖ 'ਚ ਬੀਜ ਹੈ
ਬੀਜ 'ਚ ਰੁੱਖ ਸਹਿਕਾਰ ਹੈ
ਮੈਂ ਅਸੁਰਤੀ ਦੇ ਬੀਜ ਚੋਂ
ਸੁਰਤੀ ਦਾ ਰੁੱਖ ਉੱਗਾ ਲਵਾਂ
ਆਪਣੀ ਧਰਤੀ ਤੇ ਤਾਰੇ ਬੀਜ ਲਵ੍ਹਾਂ
ਆਪਣੇ ਅੰਬਰ ਤੇ ਸੂਰਜ ਚੜ੍ਹਾ ਲਵਾਂ

-0-

ਮੈਂ ਆਪਣੇ ਤਿੜਕੇ ਅੰਗਾਂ ਤੇ ਨਖ਼ਸ਼ਾਂ ਚੋਂ
ਆਪਾ ਸਿਰਜ ਲਾਂ
ਆਪਣੇ ਟੁੱਟੇ ਸੁਫ਼ਨਿਆਂ ਨੂੰ
ਮੁੜ ਕੇ ਸਜਾ ਲਵਾਂ
ਆਪਣੀ ਹੋਂਦ ਦਾ ਸੱਚ
ਆਪਣੀ ਦੇਹ ਚੋਂ ਜਗਾ ਲਵਾਂ

ਅਸੁਰਤੀ ਦਾ ਹਨ੍ਹੇਰਾ
ਆਪਣੇ ਚੋਂ ਨਿਚੋੜਾਂ
ਆਪਣੇ ਤੋਂ ਉਤਾਰ ਦਿਆਂ
ਸੁਰਤੀ ਦਾ ਚਾਨਣ ਆਪਣੇ ਰਾਹਾਂ ਤੇ
ਦੇਹ 'ਚ ਖਿਲਾਰ ਦਿਆਂ

-0-

ਬਹਾਰਾਂ
ਮੌਸਮਾਂ ਤੇ ਰੁੱਤਾਂ ਨੂੰ
ਆਪਣੇ ਗਲ ਨਾਲ ਲਾ ਲਵਾਂ
ਕਬਰਾਂ ਦੀ ਚੁੱਪ ਤੇ ਪੈਰ ਧਰ ਗੁਜ਼ਰਾਂ
ਸ਼ੋਰ ਨੂੰ ਸੁਰ 'ਚ ਢਾਲਾਂ
ਜ਼ਿੰਦਗੀ ਦੇ ਸਾਜ ਚੋਂ
ਨਵੀਆ ਧੁੰਨਾਂ ਜਗਾ ਲਵਾਂ
ਜ਼ਿੰਦਗੀ ਦੇ ਪੈਰਾਂ 'ਚ
ਧਰਤੀ ਦੀ ਸੁਗੰਧ
ਵਿਛਾ ਦਿਆਂ
ਜ਼ਿੰਦਗੀ ਦੇ ਨੈਣਾਂ 'ਚ ਅੰਬਰ
ਪਾ ਦਿਆਂ
ਟੁੱਟੇ ਸੁਫ਼ਨਿਆਂ ਦਾ ਸੱਚ
ਨੈਣਾਂ 'ਚ ਉਤਾਰ ਲਾਂ
ਰੌਸ਼ਨੀਆਂ 'ਚ ਜਗਮਗਾਉਂਦੀ
ਸ਼ੀਸ਼ੇ ਦੀ ਦੁਨੀਆਂ ਉਸਾਰ ਲਾਂ
ਮੈਂ ਆਪਣੀ ਰੂਹ ਦੀ ਸੁਰ
ਤਨ ਦੇ ਸਾਜ ਤੇ ਵਜਾ ਲਵਾਂ
ਮੈਂ ਚੁੱਪ ਉਦਾਸੀ ਇਕੱਲਤਾ ਤੇ ਵੀਰਾਨੀ ਚੋਂ
ਸ਼ੋਰ ਖੁਸ਼ੀਆਂ ਰੌਣਕਾਂ ਤੇ ਬਹਾਰਾਂ ਦੇ
ਦੀਵੇ ਜਗਾ ਲਵਾਂ

-0-

ਮੈਂ
ਆਪਣੀ ਮਰਜ਼ੀ ਦੀ ਧਰਤੀ ਪੈਰਾਂ 'ਚ
ਇੱਛਾ ਦਾ ਅਸਮਾਨ ਸਿਰ ਤੇ ਤਾਣ ਲਾਂ
ਰੁਕ ਗਈ ਜ਼ਿੰਦਗੀ ਚੋਂ

ਗਤੀਆਂ ਤੇ ਅੰਕੁਰ ਪਹਿਚਾਣ ਲਾਂ
ਮੈਂ ਅਸੁਰਤੀ ਨੂੰ ਸੁਰਤੀ 'ਚ ਢਾਲ ਲਾਂ
ਰਾਹਾਂ 'ਚ ਸੂਰਜ ਬਾਲ ਲਾਂ
ਮੰਜ਼ਲਾਂ ਦੇ ਪਿੰਡੇ 'ਚ ਚਾਨਣ ਉਤਾਰ ਲਾਂ
ਮੈਂ ਆਪਣੀ ਉਮਰ ਨਾ ਕੱਟਾਂ
ਉਮਰ ਦਾ ਲੁਤਫ਼ ਮਾਣ ਲਾਂ
ਮੈਂ ਆਪਣੀ ਜੜ੍ਹ ਚੋਂ ਰੁੱਖ
ਪੱਤਿਆਂ ਚੋਂ ਜੜ੍ਹ ਪਹਿਚਾਣ ਲਾਂ

-0-

ਮੈਂ
ਉਤਾਰ ਦਿਆਂ ਸੂਰਜਾਂ ਦੇ ਕਾਫ਼ਲੇ
ਜ਼ਿੰਦਗੀ ਦੇ ਵਿਹੜੇ 'ਚ
ਮੈਂ ਧਰਤੀ ਦੀ ਕੁੱਖ
ਅੰਬਰ ਦੀ ਉੱਚਾਈ ਹੋ ਜੀਵਾਂ
ਜ਼ਿੰਦਗੀ ਦੇ ਦੀਵੇ ਹੇਠਲੇ ਹਨ੍ਹੇਰ ਨੂੰ ਪੀਵਾਂ
ਹਵਾ ਦਾ ਵੇਗ ਮੇਰੀ ਗਤੀ ਹੋਵੇ
ਅੱਗਣ ਦੇ ਤੇਜ਼ ਦਾ ਪ੍ਰਕਾਸ਼ ,
ਮੇਰੇ ਨੈਣਾਂ ਚੋਂ ਫੁੱਟੇ
ਜਲ਼ ਦੇ ਰੱਸ ਦਾ ਚਸ਼ਮਾਂ
ਮੇਰੀ ਧੁੰਨੀ ਚੋਂ ਨਿਕਲੇ
ਮੇਰੇ ਪੈਰਾਂ ਦੀਆਂ ਤਲੀਆਂ ਚੋਂ
ਧਰਤੀ ਦੀ ਸੁਗੰਧ ਜਨਮੇਂ
ਮੇਰੇ ਹੱਥਾਂ
ਦੀਆਂ ਤਲੀਆਂ ਤੇ ਆਸਮਾਂ ਪਿਘਲੇ

-0-

ਮੈਂ ਧਰਤੀ ਦੀ ਸੁਗੰਧ
ਪ੍ਰਕਿਰਤੀ 'ਚ ਬੀਜਾਂ
ਸਾਗਰਾਂ 'ਚ ਘੋਲਾਂ ਅੰਬਰ ਦੇ ਮੁੱਖ
ਤੇ ਡੋਲ੍ਹਾਂ
ਪਿਘਲੇ ਆਸਮਾਂ ਦੀ ਸਿਲਾਈਆਂ
ਜ਼ਿੰਦਗੀ ਦੇ ਨੈਣੀ ਪਾ ਦੇਂਵਾਂ

ਬ੍ਰਹਿਮੰਡ ਤਾਰਕਾ ਮੰਡਲ ਧਰਤੀ ਤੇ ਅਕਾਸ਼
ਆਪਣੀਆਂ ਤਲੀਆਂ ਤੇ ਉਠਾ ਦੇਵਾਂ

-0-

ਮੈਂ ਆਪਣੇ ਬਿੰਦੂ 'ਚ ਇਨਾਂ ਫੈਲ ਜਾ
ਕਿ ਅਸੁਰਤੀ ਰਹਿਤ ਦਾਇਰੇ ਦੀ
ਸੁਰਤੀ ਨੂੰ ਪਾ ਜਾਵਾਂ
ਸੂਰਜਾਂ ਦੀ ਜੂਨ ਜੀਅ ਸਕਾਂ
ਸ਼ਮਸ਼ਾਨ 'ਚ ਸੁੱਤੀ ਜ਼ਿੰਦਗੀ ਜਗਾ ਦੇਵਾਂ
ਚੀਰਕੇ ਪਹਾੜਾਂ ਦੇ ਪਿੰਡੇ
ਜ਼ਿੰਦਗੀ ਲਈ ਨਵੇਂ ਰਾਹ ਬਣਾ ਦੇਵਾਂ
ਚੂਲੀ 'ਚ ਡੀਕ ਲਾਂ ਸਾਗਰ
ਗਗਨ ਤੇ ਵਸਦੀਆਂ ਪੌਣਾਂ ਤੇ ਕਾਠੀ
ਪਾ ਲਵਾਂ

-0-

ਮੈਂ ਆਪਣਾ ਆਪ
ਮਾਨਵ ਮੰਦਰ 'ਚ ਧਰ ਜਾਵਾਂ
ਮੇਰੀ ਸਿਆਣ ਨਾ ਰਹੇ
ਮੇਰੀ ਪਹਿਚਾਣ ਨਾ ਰਹੇ
ਮੈਂ ਸੂਰਜ ਆਸਮਾਂ ਦਾ
ਮਾਨਵ ਮਸਤਕ ਦੇ ਸੂਰਜ 'ਚ ਰਲ
ਜਾਵਾਂ
ਤੇ
ਆਪਣੇ ਮਸਤਕ ਦਾ ਚਾਨਣ
ਹਰ ਮਾਨਵ 'ਚ ਕਰ ਜਾਵਾਂ
ਮਾਨਵ ਦੇ ਨੈਣਾਂ 'ਚ ਮਾਨਵਤਾ ਦੀ ਜੋਤ ਧਰ ਜਾਵਾਂ

-0-

ਮੈਂ ਆਪ ਆਪਣਾ ਭਵਿੱਖ ਹਾਂ
ਆਪਣਾ ਵਿਸਥਾਰ ਹਾਂ
ਆਪ ਹੀ ਆਪਣੀ ਹੋਂਦ ਹਾਂ
ਰੱਬੀ ਹੋਂਦ ਦੀ ਟਹਿਣੀ ਤੇ
ਲੱਗੀ ਪਿਉਂਦ ਹਾਂ
ਇਸ ਪਿਉਂਦ ਚੋਂ
ਰੱਬੀ ਹੋਂਦ ਦਾ ਚਸ਼ਮਾ ਫੁੱਟਦਾ ਹੈ

ਜਿਵੇਂ ਸੂਰਜ ਕਿਰਨਾਂ ਦੀਆਂ ਕਣੀਆਂ
ਧਰਤੀ ਤੇ ਸੁੱਟਦਾ ਹੈ
ਜਿਵੇਂ ਚੰਨ ਦੇ ਇਸ਼ਾਰੇ ਤੇ
ਸਾਗਰ ਉੱਛਲਦਾ ਹੈ
ਜਿਵੇਂ ਧਰਤੀ ਆਪਣੀ ਪ੍ਰਕਰਮਾ
ਆਪ ਕਰਦੀ ਹੈ
ਅੰਬਰ ਜਿਵੇਂ ਆਪਣੇ ਦੁਆਲੇ
ਆਪ ਭੌਂਦਾ ਹੈ
ਜਿਵੇਂ ਬਾਂਸ ਦੀ ਪੋਰੀ ਚੋਂ ਗੁਜ਼ਰੀ ਹਵਾ
ਸੁਰ 'ਚ ਢਲਦੀ ਹੈ ਸ਼ਬਦ ਅਰਥ ਤੇ
ਤਾਲ ਬਣਦੀ ਹੈ

-0-

ਮਨੁੱਖ ਪਿਉਂਦ ਚੋਂ
ਰੱਬੀ ਹੋਂਦ ਤੇ ਸੱਚ ਦਾ ਅਹਿਸਾਸ ਹੁੰਦਾ ਹੈ
ਅਸੁਰਤੀ ਜਿਉ ਰਹੇ
ਮਨੁੱਖ ਨੂੰ ਹੀ ਸੁਰਤੀ ਦਾ ਪਾਸ ਹੁੰਦਾ ਹੈ
ਬੀਜ ਜੜ੍ਹਾਂ ਪੱਤੇ ਟਹਿਣੀਆਂ ਫੁੱਲਾਂ ਫ਼ਲਾਂ
ਦਾ ਭੇਦ ਖੁੱਲ੍ਹਦਾ ਹੈ
ਮਨੁੱਖੀ ਪਿਉਂਦ ਦਾ ਦਰਵਾਜ਼ਾ
ਜਦ ਅੰਦਰ ਵੱਲ ਖੁੱਲ੍ਹਦਾ ਹੈ
ਅਸੁਰਤੀ ਤੋਂ
ਜਦ ਮਨੁੱਖ ਸੁਰਤੀ ਵੱਲ ਟੁਰਦਾ ਹੈ
ਉਦਾਸੀ ਚੁੱਪ ਤੇ ਇਕੱਲਤਾ ਦੇ ਵਜ਼ੂਦ ਚੋਂ
ਖੁਸ਼ੀਆਂ ਰੌਣਕਾਂ ਤੇ ਮਹਿਕਾਂ ਦਾ
ਆਬਸ਼ਾਰ ਫੁੱਟਦਾ ਹੈ
ਜੋ ਮਨੁੱਖ ਦੀ ਗਤੀ ਤੋਂ
ਅਗਤੀ ਦਾ ਖੋਲ ਉਤਾਰ
ਦਿੰਦਾ ਹੈ
ਮਨੁੱਖ ਨੂੰ
ਜੀਵਨ ਦੇ ਝੱਖੜਾਂ ਤੁਫ਼ਾਨਾਂ ਹਨ੍ਹੇਰੀਆਂ ਸਾਵੇਂ
ਖਲਿਆਰ ਦਿੰਦਾ ਹੈ ।

------

## ਸੁੰਦਰਤਾ

ਸੁੰਦਰਤਾ ਨੂੰ
ਤੱਕਣ ਦੀ ਆਦਤ ਨਾ ਗਈ
ਮਰ ਕੇ ਵੀ
ਸੁੰਦਰਤਾ ਦੀ ਇਬਾਦਤ ਨਾ ਗਈ

-0-

ਉਸਨੇ ਵੇਖਿਆ
ਤਾਂ ਨਜ਼ਰ ਫੇਰ ਲਈ
ਸਾਡੀ ਹੁਸਨ ਨੂੰ ਚਾਹੁਣ
ਦੀ ਸ਼ਰਾਫ਼ਤ ਨਾ ਗਈ
ਬੜਾ ਸਮਝਾਇਆ ਦਿਲ ਨੂੰ
ਇਸ਼ਕ ਦੀ ਖ਼ੁਆਰੀ ਦਾ
ਮੁਸੀਬਤ ਸਹੇੜਣ ਦੀ
ਦਿਲ ਦੀ ਚਾਹਤ ਨਾ ਗਈ

-0-

ਬੜੀ ਜ਼ਹਿਮਤ ਸੀ
ਹੁਸਨ ਦੇ ਨਖ਼ਰੇਂ ਉਠਾਣ ਦੀ
ਨਜ਼ਰ ਨੂੰ ਫੁੱਲ ਤੱਕਣ ਦੀ
ਪੈਰਾਂ ਨੂੰ ਕੰਡਿਆਂ ਤੇ ਟੁਰਨ ਦੀ ਆਦਤ ਨਾ ਗਈ
ਬੜੀ ਸੀ ਹੋਸ਼
ਸੋਚ ਕੇ ਪੈਰ ਪੁੱਟਣ ਦੀ
ਦਿਲ ਦੀ ਉਦਾਸੀ ਨੂੰ
ਹਨ੍ਹੇਰੇ ਜਿਉਣ ਦੀ ਆਦਤ ਨਾ ਗਈ

-0-

ਅਸੀਂ ਇਸ਼ਕ ਤੋਂ
ਇਸ਼ਕ ਦੀ ਸੂਲੀ ਤੇ ਚੜ੍ਹ ਗਏ
ਤੇਰੀ
ਅੱਖਾਂ ਮਟਕਾਉਣ ਦੀ ਸ਼ਰਾਰਤ ਨਾ ਗਈ।

----

## ਮੋਮੀ ਲੋਕ

ਮੋਮ ਦੇ ਬੁੱਤਾਂ ਦੀ ਨਗਰੀ ਹੈ
ਮੋਮ ਦੇ ਘਰ ਛੱਤਾਂ ਕੰਧਾਂ ਮੋਮ ਦਾ ਦੁਆਲਾ ਹੈ
ਮੋਮ ਦੀਆਂ ਗਲੀਆਂ
ਮੋਮ ਦੀਆਂ ਸੜਕਾਂ
ਮੋਮ ਦਾ ਇਹ ਸ਼ਹਿਰ ਸਾਰਾ ਹੈ

-0-

ਮੋਮ ਦੇ ਲੋਕਾਂ ਦੇ ਅੰਗ ਤੇ ਨਖ਼ਸ਼
ਸੜਕਾਂ ਤੇ ਵਿਚਰਦੇ ਹਨ
ਚੌਕਾਂ 'ਚ ਖੜਦੇ ਹਨ
ਸੈਰਗਾਹਾਂ ਦੀ ਸੈਰ ਕਰਦੇ ਹਨ
ਬਾਗਾਂ 'ਚ ਬੈਠਦੇ ਹਨ
ਇਹ ਮੋਮ ਦੇ ਹੰਝੂ ਮੋਮ ਦੇ
ਹਾਸੇ ਹੱਸਦੇ ਹਨ
ਮੋਮ ਦਾ ਰੂਪ ਰੰਗ
ਮੋਮ ਦਾ ਪਹਿਰਾਵਾ ਹੈ ਇਨ੍ਹਾਂ ਦਾ
ਸ਼ਹਿਰ ਦੀ ਮੋਮੀ ਰੌਸ਼ਨੀ
ਦਿਖਾਵਾ ਹੈ ਇਨ੍ਹਾਂ ਦਾ
ਮੋਮ ਦੇ ਰੁੱਖ ਮੋਮ ਦੇ ਪੰਛੀ
ਮੋਮ ਦੀ ਧਰਤੀ
ਮੋਮ ਦਾ ਹੈ ਅਸਮਾਨ ਇਨ੍ਹਾਂ ਦਾ

-0-

ਮੋਮ ਦੀ ਭਾਸ਼ਾ
ਮੋਮੀ ਸਭਿਆਚਾਰ
ਮੋਮੀ ਲੋਕ ਜਿਉਂਦੇ ਹਨ
ਮੋਮ ਨਾਲ ਹੀ
ਇਹ ਮਿੱਤਰਤਾ ਦੇ ਫੱਟ
ਲਾਉਂਦੇ ਹਨ
ਮੋਮ ਨਾਲ ਹੀ ਸਿਉਂਦੇ ਹਨ

ਇਨ੍ਹਾਂ ਦੀਆਂ ਮੋਮੀ ਖ਼ੁਸ਼ੀਆਂ
ਮੋਮੀ ਹਾਸੇ ਹਨ
ਮੋਮ ਦੇ ਬਦਨ ਮੋਮ ਦੇ ਦਮ ਹਨ
-0-
ਇਨ੍ਹਾਂ ਦੀ ਦੋਸਤੀ
ਦੁਸ਼ਮਣੀ ਮੋਮ ਦੀ ਹੈ
ਇਹ ਮੋਮੀ ਸਮਾਜ ਦੇ
ਪਰਿੰਦੇ ਹਨ
ਮੋਮ ਦੀ ਆਬੋ ਹਵਾ ਦੇ
ਬਸ਼ਿੰਦੇ ਹਨ
ਇਹ ਮੋਮ ਖਾਂਦੇ ਮੋਮ ਪੀਂਦੇ
ਮੋਮ ਹੰਢਾਉਂਦੇ ਹਨ
-0-
ਇਨ੍ਹਾਂ ਦਾ ਗਗਨ ਹਵਾ ਜਲ
ਅੱਗਣ ਧਰਤੀ ਮੋਮ ਦੀ ਹੈ
ਇਹ ਖੇਤਾਂ ਚੋਂ ਮੋਮ ਉੱਗਾਉਂਦੇ ਹਨ
ਸਮੁੰਦਰ ਚੋਂ
ਮੋਮੀ ਜਾਨਵਰ ਫੜਦੇ ਹਨ
ਇਹ ਮੋਮ ਦੇ ਸ਼ਹਿਰੀ
ਮੋਮੀ ਅਖਵਾਉਂਦੇ ਹਨ
-0-
ਇਨ੍ਹਾਂ ਦੇ ਬਦਨ ਨੂੰ ਜਲਾਓ
ਜੋ ਬਾਹਰੋਂ ਪਿਘਲੇਗਾ
ਅੰਦਰ ਪੱਥਰ ਦਾ ਪੱਥਰ ਰਹੇਗਾ
ਪੱਥਰ ਦਾ ਇਨ੍ਹਾਂ ਦੇ ਵਿਚਲਾ ਹੈ
ਪੱਥਰ ਹੀ ਇਨ੍ਹਾਂ ਦੀ ਸੋਚ ਹੈ
ਪੱਥਰ ਦੇ ਪੁਜਾਰੀ ਹਨ
ਇਹ ਲੋਕ ਜੋ ਮੋਮੀ ਰੂਪ ਧਾਰੀ ਹਨ
-0-
ਇਨ੍ਹਾਂ ਦੀ ਰੂਹ ਪੱਥਰ ਹੈ
ਮਨ ਪੱਥਰ ਹੈ ਤਨ ਪੱਥਰ ਹੈ

ਇਨ੍ਹਾਂ ਦੀ ਤਾਸੀਰ ਪੱਥਰ ਹੈ
ਜ਼ਮੀਰ ਪੱਥਰ ਹੈ
ਇਨ੍ਹਾਂ ਵਿਚਾਲੇ ਪੱਥਰ ਦੀਆਂ
ਦੀਵਾਰਾਂ ਹਨ
ਇਕ ਦੂਜੇ ਦੇ ਅੰਦਰ ਝਾਕਣ ਦੇ ਸਮਰੱਥ ਨਹੀਂ
ਇਨ੍ਹਾਂ ਦੀ ਕੋਈ ਹੱਦ ਨਹੀਂ
ਜਿਸਨੂੰ ਪਾਰ ਕਰਕੇ
ਇਨ੍ਹਾਂ ਦਾ ਅੰਦਰ ਫਰੋਲ ਸਕੋ
ਇਨ੍ਹਾਂ ਦਾ ਸੱਚ ਟੋਲ ਸਕੋ

-0-

ਇਹ ਕਲਾਕਾਰਾਂ ਦੇ ਕਾਤਲ ਹਨ
ਕਵੀਆਂ ਦੇ ਕਾਤਲ ਹਨ
ਦਾਰਸ਼ਨਿਕਾਂ ਤੇ ਅਦੀਬਾਂ ਦੇ ਕਾਤਲ ਹਨ
ਕਿਉਂਕਿ ਉਹ
ਅੰਦਰ ਤੇ ਬਾਹਰ ਦਾ ਸੱਚ ਚਿੱਤਰਦੇ ਹਨ
ਬੋਲਦੇ ਹਨ ਵਿਖਿਆਉਂਦੇ ਹਨ
ਸਮਝਾਉਂਦੇ ਤੇ ਦਿਖਾਉਂਦੇ ਹਨ
ਇਹ ਉਨ੍ਹਾਂ ਦੀਆਂ ਕਿਰਤਾਂ ਦੇ ਕਾਤਲ ਹਨ
ਸੋਚ ਤੇ ਵਜ਼ੂਦ ਦੇ ਕਾਤਲ ਹਨ

-0-

ਇਨ੍ਹਾਂ ਦੇ ਅੰਦਰ ਦੇ ਪੱਥਰ ਨੇ
ਮੋਮ ਦਾ ਵਜ਼ੂਦ ਪਹਿਨਿਆ ਹੈ
ਇਨ੍ਹਾਂ ਦੀ ਸੋਚ ਵੱਖਰੀ ਹੈ
ਇਨ੍ਹਾਂ ਦਾ ਕਰਮ ਵੱਖਰਾ ਹੈ
ਇਹ ਕਹਿੰਦੇ ਕੁੱਝ ਹੋਰ ਹਨ
ਕਰਦੇ ਕੁੱਝ ਹੋਰ ਹਨ
ਬੀਜਦੇ ਕੁੱਝ ਹੋਰ ਹਨ
ਉੱਗਾਉਂਦੇ ਕੁੱਝ ਹੋਰ ਹਨ
ਇਨ੍ਹਾਂ ਜਜ਼ਬਾਤ ਦੇ ਗੁਲਾਫ਼ 'ਚ
ਪੱਥਰ ਲਪੇਟੇ ਹਨ
ਰਿਸ਼ਤਿਆਂ ਦੀ ਰੂਹ 'ਚ ਲਾਲਚ

ਉਤਾਰਿਆ ਹੈ
ਇਹ ਲੋਕ
ਆਪਣੀ ਹੀ ਸੋਚ ਦੇ ਗੁਲਾਮ ਹਨ
ਆਪਣੇ ਬਿੰਦੂਆਂ 'ਚ ਘਿਰੇ ਹਨ
ਦਾਇਰਿਆਂ ਦਾ ਸਫ਼ਰ
ਇਨ੍ਹਾਂ ਦੀ ਸੁਰਤੀ ਤੇ ਪੈਰਾਂ ਚੋਂ
ਬਾਹਰ ਹੈ

-0-

ਇਸ ਸ਼ਹਿਰ ਦੇ ਸ਼ਮਸ਼ਾਨਘਾਟ
ਨੂੰ ਵੇਖੋ
ਸਮਝ ਜਾਓਗੇ
ਮੁਰਦਿਆਂ ਦੇ ਅੱਧ ਸੜੇ ਜਿਸਮਾਂ ਦੇ
ਅੰਬਾਰ
ਇਨ੍ਹਾਂ ਦਾ ਪੱਥਰ ਦੁਆਲੇ ਓੜ੍ਹਿਆ
ਮੋਮ ਦਾ ਗੁਲਾਫ਼ ਸੜਦਾ ਹੈ
ਅੰਦਰਲਾ ਪੱਥਰ ਨਹੀਂ
ਸ਼ਹਿਰ ਤੋਂ ਵਧੇਰੇ ਅਕਾਰ ਦਾ
ਸ਼ਮਸ਼ਾਨਘਾਟ ਹੈ
ਇਨ੍ਹਾਂ ਦੇ ਅੰਦਰਲੇ ਪੱਥਰੀ ਸੱਚ ਦੀ
ਪਾਉਂਦਾ ਜੋ ਬਾਤ ਹੈ

-0-

ਇਹ ਬਾਹਰੋਂ ਬੜੇ ਦਿਆਲੂ
ਲਚਕੀਲੇ ਤੇ ਮਿਹਰਬਾਨ ਹਨ
ਨਜ਼ਰ 'ਚ ਰਹਿਮ ਤੇ
ਮੂੰਹ 'ਚ ਮਿੱਠੀ ਜ਼ੁਬਾਨ ਰੱਖਦੇ ਹਨ
ਇਹ ਜਿਸਨੂੰ ਮਿਲਦੇ ਹਨ
ਉਸਦੇ ਹੀ ਲਗਦੇ ਹਨ
ਇਹ ਬੇਈਮਾਨ ਸਾਜ਼ ਤੇ
ਸੱਚ ਦੀਆਂ ਧੁੰਨਾਂ ਗਾਉਂਦੇ ਹਨ
ਸ਼ਾਂਤੀ ਕਲਿਆਣ ਰਹਿਮਦਿਲੀ ਤੇ

ਭਲਾਈ ਦਾ ਉਚਾਰਣ ਕਰਦੇ ਹਨ
ਮਨੁੱਖੀ ਸਾਂਝ ਤੇ ਮਿਲਾਪੜੇਪਣ ਦੀ
ਹਾਮੀ ਭਰਦੇ ਹਨ

-0-

ਇਹ ਅੰਦਰੋਂ ਵਸਤੂ ਸੰਸਾਰ ਨਾਲ
ਇੰਜ ਬੱਝੇ ਹਨ
ਕਿਸੇ ਦੇ ਤਾਂ ਕੀ
ਇਹ ਨਾ ਆਪਣੇ ਆਪ ਦੇ ਸੱਕੇ ਹਨ
ਇਨ੍ਹਾਂ ਲਈ ਜੋ ਕੁੱਝ ਵੀ ਹੈ
ਆਪਣਾ ਢਿੱਡ ਹੈ
ਇਹ ਆਪਣੇ ਆਪ ਦੇ ਗੁਲਾਮ ਹਨ
ਢਿੱਡੋਂ ਕੰਗਾਲ ਹਨ

-0-

ਇਹ ਮੋਮ ਦੀ ਨਗਰੀ ਦੇ ਲੋਕ
ਬੜੇ ਖੁਸ਼ਹਾਲ ਹਨ
ਮੋਮ ਦੇ ਪਿੰਡੇ 'ਚ ਪੱਥਰ ਦਾ ਸੱਚ
ਜਿਉਂਦੇ ਹਨ
ਇਨ੍ਹਾਂ ਦਾ ਕਲਿਆਣ ਪੱਥਰ ਹੈ
ਇਨ੍ਹਾਂ ਦੀ ਖੁਸ਼ੀ ਪੱਥਰ ਹੈ
ਇਨ੍ਹਾਂ ਦੀ ਗ਼ਮੀ ਪੱਥਰ ਹੈ

-0-

ਇਨ੍ਹਾਂ ਦੀ ਹਮਦਰਦੀ ਪੱਥਰ ਹੈ
ਇਨ੍ਹਾਂ ਦੇ ਅੱਥਰੂਆਂ ਦੀ ਨਦੀ ਪੱਥਰ ਹੈ
ਇਹ ਪੱਥਰ ਬੀਜਦੇ ਸਿਰਜਦੇ ਤੇ ਉੱਗਾਉਂਦੇ ਹਨ
ਇਹ ਪੱਥਰ ਸਿਮਰਦੇ ਪੂਜਦੇ
ਧਿਆਉਂਦੇ ਹਨ
ਇਹ ਲੋਕ ਮੋਮ ਦੇ ਸ਼ਹਿਰੀ
ਮੋਮੀ ਕਹਾਉਂਦੇ ਹਨ ।

------

## ਸਵੈ ਨਿਰਭਰਤਾ

ਮੈਂ ਆਪਣੇ ਨਾਲ ਖਲੋਂਦਾ ਹੀ ਨਹੀਂ
ਟੁਰਦਾ ਵੀ ਹਾਂ
ਆਪਣਾਂ ਆਪਾ ਟੋਲਦਾ ਵੀ ਹਾਂ
ਆਪਣੇ ਆਪ ਨੂੰ ਸੁਣਦਾ ਵੀ ਹਾਂ ਬੋਲਦਾ
ਵੀ ਹਾਂ
ਆਪੇ ਤੋਂ ਆਪਾ ਅੰਜ਼ਾਦ ਕਰਦਾ ਹਾਂ
ਆਪਣੇ ਚੋਂ ਆਪਣਾ ਪਿੰਜਰਾ ਸਿਰਜਦਾ ਹਾਂ
ਕਿ ਮੇਰਾ ਸੁੰਤਲਨ ਬਣਿਆ ਰਹੇ
ਮੇਰਾ ਅੰਦਰ
ਬਲ ਤੇ ਸ਼ਕਤੀ ਨਾਲ ਭਰਿਆ ਰਹੇ
ਤਾਂ ਕਿ
ਦੁਆਲੇ ਫੈਲਿਆ ਭਵ ਸਾਗਰ ਤੱਕ ਸਕਾਂ
ਆਪਣੇ ਆਪ ਚੋਂ
ਬੇਹਤਰ ਇਨਸਾਨ ਜਨਮ ਸਕਾਂ
ਸੱਚ ਤੇ ਸੁੰਦਰਤਾ
ਮਨੁੱਖ ਦੇ ਅੰਦਰ ਤੇ ਬਾਹਰ ਧਰ ਸਕਾਂ

-0-

ਰੋਜ਼ਾਨਾ
ਜੀਵਨ ਦੀਆਂ ਲੋੜਾਂ ਨਾਲ ਲੜ ਸਕਾਂ
ਆਪਣਾ ਅੰਦਰਲਾ ਖਾਲੀਪਣ ਭਰ ਸਕਾਂ
ਜੋ ਦਿਨ-ਬ-ਦਿਨ
ਮੇਰੀ ਰੂਹ ਤੇ ਭਾਰੀ ਹੋ ਰਿਹਾ ਹੈ
ਮੇਰੀ ਤ੍ਰਿਸ਼ਨਾ ਦੀ ਭੁੱਖ ਬਣਦਾ ਜਾ ਰਿਹਾ ਹੈ

-0-

ਜਿਸ ਭੁੱਖ 'ਚ ਮੇਰੀ ਸ਼ਕਤੀ
ਮੇਰਾ ਉਤਸ਼ਾਹ

ਜੀਵਨ ਜਿਉਣ ਦੀ ਇੱਛਾ
ਤੇ ਕਈ ਸੂਰਜ ਚੜ੍ਹੇ ਹਨ
ਜਿਨ੍ਹਾਂ
ਮੇਰੀ ਬੁੱਧ 'ਚ ਪ੍ਰਵਾਜ਼ ਬੀਜਿਆ ਹੈ
ਮੇਰੀ ਦੇਹ 'ਚ
ਉਡਾਣ ਲਈ ਖੰਭ ਧਰੇ ਹਨ

-0-

ਮੈਂ ਆਪਣੇ ਵਸੇਬੇ ਲਈ
ਆਪਣੇ ਅੰਦਰ ਕਣਕ ਕਪਾਹ ਚੌਲ
ਦਾਲਾਂ ਸਬਜ਼ੀਆਂ ਉੱਗਾਈਆਂ ਹਨ
ਆਪਣੀ ਪਿਆਸ ਲਈ
ਸਾਗਰ ਬੀਜੇ ਹਨ
ਆਪਣੀ ਧੁੱਪ ਲਈ ਜੰਗਲ ਉੱਗਾਏ ਹਨ
ਮੈਂ ਆਪਣੇ ਵਿਰੋਧ 'ਚ
ਆਪਣੇ ਦੁਆਲੇ ਫੈਲ ਜਾਂਦਾ ਹਾਂ
ਆਪਣਾ ਅੰਦਰ ਤੇ ਬਾਹਰ ਸੁਰੱਖਸ਼ਤ
ਕਰਦਾ ਹਾਂ
ਆਪਣੀਆਂ ਹੱਦਾਂ ਤੇ ਫੌਜਾਂ ਵਾਂਗ ਲੜਦਾ ਹਾਂ

-0-

ਵਿਜੈ ਦਾ ਧਾਰਨੀ ਹੋ
ਜਦ ਆਪਣੇ ਅੰਦਰ ਪਰਤਦਾ ਹਾਂ
ਆਪਣਾ ਲਹੂ ਅੰਤੜੀਆਂ ਤੇ
ਅਣੂਆਂ ਨੂੰ ਚੁੰਮਦਾ ਹਾਂ
ਜੋ ਸ਼ਕਤੀ ਹੈ ਮੇਰੀ ਬਲ ਹੈ ਮੇਰਾ
ਬੀਤਿਆ ਅਜੋਕਾ ਤੇ ਆਉਣ ਵਾਲਾ
ਕੱਲ੍ਹ ਹੈ ਮੇਰਾ
ਆਪਣੀ ਅੰਦਰਲੀ ਦੁਨੀਆਂ ਦੇ
ਬਨੇਰੀਂ ਚਿਰਾਗਾਂ ਦੀ ਰੌਸ਼ਨੀ ਕਰਦਾ ਹਾਂ

ਜਿੱਤ ਦਾ ਜਸ਼ਨ
ਆਪਣੀ ਦੇਂਹ 'ਚ ਬਹਿ ਕੇ ਮਨਾਉਂਦਾ ਹਾਂ
ਆਪਣੇ ਅੰਬਰ ਤੇ ਉੱਡਦਾ ਹਾਂ
ਆਪਣੀ ਧਰਤੀ 'ਚ ਉਤਰ ਜਾਂਦਾ ਹਾਂ

-0-

ਆਪਣੀ ਫਤਹਿ ਦੀ ਖ਼ੁਸ਼ੀ
ਬਹਾਰਾਂ ਮੌਸਮਾਂ 'ਚ ਬੀਜਦਾ ਹਾਂ
ਪੌਣਾਂ 'ਚ ਵੰਡਦਾ ਹਾਂ
ਦਿਲ ਦੇ ਮੰਦਰ 'ਚ ਵਸਦੀ ਮੂਰਤੀ ਨੂੰ
ਖ਼ੁਸ਼ੀਆਂ ਦਾ ਅਰਘਾ ਚੜ੍ਹਾਉਂਦਾ ਹਾਂ
ਸ਼ੁਕਰਾਨਾ ਕਰਦਾ ਹਾਂ
ਮੈਂ ਜਦ ਵੀ ਆਪਣੇ 'ਚ ਉਤਰਦਾ ਹਾਂ
ਸੂਰਜਾਂ ਦਾ ਤੇਜ਼ ਬਣ ਕੇ ਨਿਕਲਦਾ ਹਾਂ

-0-

ਮੈਂ ਨਿਰਭਰ ਹਾਂ ਆਪਣੇ ਆਪ ਤੇ
ਮੈਂ ਮੋਹਿਤ ਹਾਂ ਆਪਣੇ ਸ਼ਬਾਬ ਤੇ
ਮੈਂ ਆਸ਼ਕ ਹਾਂ ਆਪਣੇ ਆਪ ਦਾ
ਆਪਣੇ ਹੁਸਨ ਦਾ
ਮੈਂ ਖ਼ੁਦ ਸੁਦਾਗਰ ਹਾਂ
ਮੇਰੀ
ਗਿਣਤੀ ਰੁੱਕਦੀ ਹੈ ਤੇਰ੍ਹਾਂ ਦੇ ਹਿਸਾਬ ਤੇ
ਝੁਰਮਟ ਭਵਰਿਆਂ ਦਾ ਲਗਦਾ ਹੈ
ਮੇਰੇ ਗੁਲਾਬ ਤੇ

-0-

ਮੈਂ ਆਪਣਾ ਗੁਲਸ਼ਨ
ਆਪਣੇ ਅੰਦਰੋਂ ਉਗਾਇਆ ਹੈ

ਮੇਰਾ ਚਿਹਰਾ
ਹਰ ਕਲੀ ਹਰ ਫੁੱਲ ਦੇ ਚਿਹਰੇ
'ਚ ਸਮਾਇਆ ਹੈ
ਜੰਗਲ ਦੇ ਪੱਤੇ ਪੱਤੇ ਚੋਂ ਉੱਭਰ ਆਇਆ ਹੈ
ਮੇਰੇ ਗੁਲਸ਼ਨ 'ਚ
ਰੂਹਾਂ ਦੀ ਖੁਸ਼ਬੂ ਦਾ ਵਸੇਰਾ ਹੈ
ਮੇਰੇ ਗੁਲਸ਼ਨ 'ਚ ਰੱਬੀ ਨੂਰ ਉੱਤਰ ਆਇਆ ਹੈ

-0-

ਕਾਮ ਕ੍ਰੋਧ ਲੋਭ ਮੋਹ ਹੰਕਾਰ
ਮੈਂ ਆਪਣੀ ਦੇਹ ਚੋਂ ਨਿਚੋੜ ਸੁੱਟੇ ਹਨ
ਢਹਿੰਦੀਆਂ ਕਲਾਂ ਦੇ ਹਨ੍ਹੇਰੇ
ਆਪਣੀ ਬੁੱਧੀ ਤੋਂ ਉਤਾਰ ਦਿੱਤੇ ਹਨ
ਆਪਣੀ ਜਗਿਆਸਾ 'ਚ
ਆਪਣਾ ਚਾਨਣ ਵਿਛਾਇਆ ਹੈ
ਸੂਰਜਾਂ ਦਾ ਸੂਰਜ
ਦੇਹ ਦੇ ਪਹਿਰੇ ਬਿਠਾਇਆ ਹੈ
ਜ਼ਿੰਦਗੀ ਚੋਂ
ਮੌਤ ਦਾ ਭੈਅ ਮੁਕਾਇਆ ਹੈ
ਜ਼ਿੰਦਗੀ
ਤੇ ਮੌਤ ਤੋਂ ਪਹਿਲਾਂ ਤੇ ਪਿਛੋਕੜ ਦਾ
ਰਹੱਸ ਸਮਝ ਆਇਆ ਹੈ
ਮੈਂ
ਜਦ ਆਪਣੇ ਆਪ ਨੂੰ
ਧਿਆਇਆ ਹੈ
ਆਪਣੇ ਚੋਂ ਹੀ
ਆਪਣਾ ਰੱਬ ਪਾਇਆ ਹੈ

-0-

ਕਿਸੇ ਵੀ ਰਹਿਮਤ ਦੀ
ਕਿਸੇ ਵੀ ਨਿਹਮਤ ਦੀ
ਕਿਸੇ ਤੋਂ ਆਸ ਨਹੀਂ ਕੋਈ
ਮਨੁੱਖ ਤੇ
ਮਨੁੱਖਤਾ ਲਈ ਸਭ ਕੁੱਝ ਅੰਦਰੋਂ ਹੀ
ਪਾਇਆ ਹੈ
ਅੰਦਰੋਂ ਹੀ ਉੱਗਾਇਆ ਹੈ
ਆਪਣੇ ਜਿਸਮ ਚੋਂ
ਸੂਰਜਾਂ ਦੇ ਕਾਫ਼ਲੇ ਅੰਬਰ 'ਚ ਢੋਏ ਹਨ
ਧਰਤੀ ਤੇ
ਸੂਰਜਾਂ ਦੀ ਫ਼ਸਲ ਬੀਜੀ ਹੈ
ਹਨ੍ਹੇਰਾ ਮਿਟਾਇਆ ਹੈ

-0-

ਮੇਰੇ ਅੰਦਰੋਂ
ਮਨੁੱਖਤਾ ਦੇ ਕਾਫ਼ਲੇ ਜਿਮੀਂ ਤੇ
ਉੱਤਰ ਆਏ ਹਨ
ਜਿਵੇਂ ਕਰਤਾ ਨੇ
ਚੰਨ ਸੂਰਜ ਤਾਰੇ ਅੰਬਰ ਤੇ ਵਿਛਾਏ ਹਨ
ਮੇਰਾ ਅੰਦਰ
ਮਨੁੱਖਤਾ ਦੀ ਪ੍ਰਯੋਗਸ਼ਾਲਾ ਬਣ ਗਿਆ ਹੈ
ਆਪਣੇ ਆਪ 'ਚ ਪਿੱਘਲ ਗਿਆ ਹੈ
ਕਰਤਾ ਦੀ ਰਜ਼ਾ 'ਚ ਢਲ ਗਿਆ ਹੈ
ਮੇਰੀ ਹਸਤੀ ਤੇ ਪਹਿਚਾਣ ਖੋਹ ਗਈ ਹੈ
ਕਰਤਾ ਦੀ ਹਸਤੀ ਤੇ ਪਹਿਚਾਣ ਹੋ ਗਈ ਹੈ

-0-

ਮੇਰੇ ਜਿਸਮ ਚੋਂ
ਨਿਰਭਉ ਤੇ ਨਿਰਵੈਰ ਦਾ
ਇੱਕ ਬੁੱਤ ਜਨਮਿਆਂ ਹੈ

ਸੁੰਦਰਤਾ ਤੇ ਸੱਚ
ਜਿਸ 'ਚ ਸਮਾਇਆ ਹੈ
ਪਿਆਰ ਤੇ ਕਲਿਆਣ ਦੀ ਮੂਰਤੀ ਹੈ ਜੋ
ਹੋਂਦ ਤੇ ਰੂਪ ਜਿਸਦਾ
ਵਿਸ਼ਵ ਨੇ ਆਪਣੇ 'ਚ ਵਸਾਇਆ ਹੈ
ਪ੍ਰਕਿਰਤੀ ਸਿਰਜੀ ਹੈ ਜਿਸ ਨੇ
ਜਿਸ ਦੇ ਨੂਰ ਦੇ ਚੌਹਕੂਟੀਂ ਨਜ਼ਾਰੇ ਨੇ
ਚੰਨ ਸੂਰਜ ਤਾਰੇ
ਜਿਸਦੇ ਇਸ਼ਾਰੇ ਨੇ

-0-

ਧਰਤੀ ਦੀ ਗੋਦ 'ਚ
ਜੀਵਨ ਤੇ ਜ਼ਿੰਦਗੀ ਦੇ ਜਿਸ ਨੇ
ਸਵਰਗ ਉੱਗਾਏ ਹਨ
ਦੋਹਾਂ ਦੇ ਪ੍ਰਾਣ ਲਈ
ਅਕਾਸ਼ ਹਵਾ ਅੱਗਣ ਜਲ ਧਰਤੀ
ਜਿਸ ਨੇ ਆਪਣੇ ਚੋਂ ਉੱਗਾਏ ਹਨ
ਆਪਣੇ ਚੋਂ ਬ੍ਰਹਿਮੰਡ ਸਿਰਜਕੇ
ਬੁੱਕਲ 'ਚ ਬਿਠਾਏ ਹਨ
ਬ੍ਰਹਿਮੰਡਾਂ ਦੀ ਹੋਂਦ 'ਚ ਜੋ ਖ਼ੁਦ ਸਮਾਏ ਹਨ

-0-

ਮੇਰੀ ਹੋਂਦ ਦੇ ਪਿਜਰੇ 'ਚ
ਉਹ ਉੱਤਰ ਆਇਆ ਹੈ
ਉਸ ਦੇ ਨੈਣਾਂ ਦਾ ਜਦ ਅੰਮ੍ਰਿਤ ਮੈਂ ਪੀਤਾ ਹੈ
ਮੈਂ ਢਲ ਗਿਆ ਹਾਂ ਉਸ 'ਚ
ਉਸਨੂੰ ਆਪਣੇ 'ਚ ਢਾਲ ਲੀਤਾ ਹੈ
ਸਰਬ ਸੰਤੋਖ ਨਾਲ ਉਹ ਭਰ ਗਿਆ ਮੈਨੂੰ
ਆਪਣੇ ਆਪ ਤੇ ਵੀ ਨਿਰਭਰ ਹੋਣ ਤੋਂ
ਮੁਕਤ ਕਰ ਗਿਆ ਮੈਨੂੰ ।

------

## ਬੁੱਧੀ ਤੇ ਦਿਲ

ਤਰਕ ਤੋਂ ਵੀ ਡੂੰਘੇ ਤੇ ਵਿਸ਼ਾਲ
ਦਿਲ ਦੇ ਭਾਵ ਹਨ
ਦਿਲ ਦੇ ਆਪਣੇ ਕਾਰਨ ਹਨ
ਜਿਨ੍ਹਾਂ ਸੰਗ ਬੁੱਧੀ ਸਹਿਮਤ ਨਹੀਂ
ਭਾਵ ਦੇ ਕਾਰਨ
ਬੁੱਧੀ ਸਮਝਦੀ ਨਹੀਂ ਵਿਚਾਰਦੀ ਨਹੀਂ
ਆਪਣੇ ਆਪ 'ਚ
ਉਤਾਰਦੀ ਨਹੀਂ

-0-

ਦਿਲ ਨੈਤਿਕ ਵਿਸ਼ਵਾਸ 'ਚ ਬੱਝਾ
ਪੱਥਰ ਦੇ ਬੁੱਤ ਚੋਂ ਰੱਬ ਸਿਰਜਦਾ ਹੈ
ਪ੍ਰਕਿਰਤੀ ਸਿਰਜਦਾ ਹੈ
ਬੁੱਤ 'ਚ ਆਪਣੀ ਸਿਰਜਣਾ ਦਾ
ਵਿਸ਼ਵਾਸ ਰੱਖਦਾ ਹੈ
ਬੁੱਧੀ ਕਾਰਨ ਨੂੰ ਜਨਮ ਦਿੰਦੀ ਹੈ
ਕਰਮ ਤੇ ਕਾਰਜ ਦੀ ਸੱਚਾਈ ਭੁੱਲ ਜਾਂਦੀ ਹੈ
ਕਾਰਜ ਦੇ ਝੂਠੇ ਸੱਚ ਤੇ ਡੁੱਲ੍ਹ ਜਾਂਦੀ ਹੈ

-0-

ਆ
ਤੂੰ ਤੇ ਮੈਂ ਬੁੱਧੀ ਦੀ ਦੁਨੀਆਂ ਤਿਆਗ
ਦਿਲ ਦੀ ਦੁਨੀਆਂ 'ਚ ਜਾ ਰਹੀਏ
ਤੂੰ ਮੇਰੇ 'ਚ ਉਤਰਦੀ ਜਾਵੇਂ
ਮੈਂ ਤੇਰੇ ਦਿਲ 'ਚ ਸਮਾਂਦਾ ਚਲਾ ਜਾਵਾਂ
ਤੇਰਾ ਗ਼ਮ ਪੀਂਦਾ ਚਲਾ ਜਾਵਾਂ

ਤੇਰੇ ਜ਼ਖ਼ਮ ਸੀਂਦਾ ਚਲਾ ਜਾਵਾਂ
ਮੇਰੀ ਜਾਨ ਤੇਰੀ ਦੇਹ 'ਚ ਹੋਵੇ
ਮੈਂ ਤੇਰੀ ਦੇਹ ਨੂੰ ਜੀਂਦਾ ਚਲਾ ਜਾਵਾਂ

-0-

ਦਿਲ ਦੀ ਦੁਨੀਆਂ 'ਚ
ਜੇ ਤੇਰੇ ਤੇ ਮੇਰੇ 'ਚ ਕੋਈ ਦੀਵਾਰ ਬਣ ਜਾਏ
ਇਕ ਦੂਜੇ ਦੇ ਵਿਪਰੀਤ ਹੋ ਜਾਈਏ
ਫਿਰ ਵੀ
ਮੁਹੱਬਤ ਦਾ ਅਹਿਸਾਸ ਘੱਟ ਨਹੀਂ ਹੁੰਦਾ
ਦਿਲ ਦੀ ਦੁਨੀਆਂ 'ਚ
ਇਕ ਦੂਜੇ ਬਿਨਾਂ ਲੰਘਦਾ ਝੱਟ ਨਹੀਂ ਹੁੰਦਾ

-0-

ਦੋ ਦਿਲ ਟੁੱਟਣ ਤੋਂ ਪਹਿਲਾਂ
ਮੁਹੱਬਤ ਜੋੜ ਦਿੰਦੀ ਹੈ
ਪਿੱਠ ਦੇ ਕੇ ਖੜ੍ਹੇ ਸੱਜਣਾ ਦੇ ਮੂੰਹ ਮੋੜ
ਦਿੰਦੀ ਹੈ
ਦਿਲ ਦੀ ਚਾਹਤ ਆਪਣੀ ਹੈ
ਦਿਲ ਦਾ ਕਾਰਨ ਆਪਣਾ ਹੈ
ਦਿਲ ਸੜਦੀ ਧੁੱਪ ਦੀ ਤਪਸ਼ ਸਹਿ ਕੇ ਵੀ
ਤਪਸ਼ ਦਾ ਅਹਿਸਾਸ ਵਿਸਾਰ ਦਿੰਦਾ ਹੈ
ਆਪਣੀ ਦੇਹ ਨੂੰ
ਮੁਹੱਬਤ ਦੇ ਸੀਤ ਸਾਗਰ 'ਚ ਉਤਾਰ ਦਿੰਦਾ ਹੈ

-0-

ਦਿਲ ਹਨ੍ਹੇਰੇ ਦਾ ਕਾਰਨ ਚਾਨਣ ਨਹੀਂ
ਸਮਝਦਾ
ਦਿਲ ਹਨ੍ਹੇਰੇ ਚੋਂ ਚਾਨਣ ਉਸਾਰ ਲੈਂਦਾ ਹੈ

ਜ਼ਫ਼ਾ ਦੇ ਘੁੱਟ ਨਹੀਂ ਭਰਦਾ
ਵਫ਼ਾ ਆਪਣੇ ਅੰਦਰ ਉਤਾਰ ਲੈਂਦਾ ਹੈ
ਦਿਲ ਦਾ ਰਿਸ਼ਤਾ
ਇਕ ਸਿਰੇ ਤੋਂ ਦੂਜੇ ਸਿਰੇ ਤਕ ਜਾਗਦਾ ਹੈ
ਅੰਤ ਨੂੰ ਅਦਿ ਲਗਦਾ ਹੈ
ਆਦਿ ਨੂੰ ਅੰਤ ਲਗਦਾ ਹੈ

-0-

ਤੇਰੀ ਨਜ਼ਰ 'ਚ
ਜੇ ਮੇਰੇ ਸਿਵਾ ਕੋਈ ਹੋਰ ਚਿਹਰਾ
ਤੈਰ ਜਾਂਦਾ ਹੈ
ਤੇਰੇ ਦਿਲ ਦੀ ਕਿਸੇ ਨੁੱਕਰ 'ਚ
ਠਹਿਰ ਜਾਂਦਾ ਹੈ
ਤੇਰੀ ਖੁਸ਼ੀ ਲਈ ਉਹ ਚਿਹਰਾ
ਮੈਂ ਆਪਣੇ ਪਿਆਰ ਦੇ ਸਾਗਰ 'ਚ
ਉਤਾਰਾਂਗਾ
ਆਪ ਉਸਨੂੰ ਸੰਵਾਰਾਂਗਾ
ਆਪਣੀ ਮਰਜ਼ੀ ਤਿਆਗ
ਉਸਦੀ ਮਰਜ਼ੀ ਹੋ ਜਾਵਾਂਗਾ

-0-

ਮੌਸਮਾਂ 'ਚ ਖੇਡਾਂਗਾ
ਬਹਾਰਾਂ ਦੇ ਪਾਸ ਹੋਵੇਗਾ
ਤੇਰੀ ਖੁਸ਼ੀ ਦਾ
ਮੇਰੀ ਖੁਸ਼ੀ ਦਾ ਅਹਿਸਾਸ ਹੋਵੇਗਾ
ਇਹ ਦਿਲ ਦੇ ਰਿਸ਼ਤੇ ਦੀ ਤਾਸੀਰ ਹੈ
ਬੁੱਧੀ ਤੋਂ ਉੱਚੀ ਤੇ ਸੁੱਚੀ
ਦਿਲ ਦੀ ਜ਼ਮੀਰ ਹੈ

ਦਿਲ ਦੇ ਰਿਸ਼ਤੇ ਦੀ
ਬੁਨਿਆਦ ਤਿਆਗ ਹੈ
ਬੁੱਧੀ ਸਵੈ ਕੇਂਦਰਿਤ ਹੈ ਤਿਆਗਹੀਣ ਹੈ
ਆਪਣੇ ਹੀ ਬਾਰੇ ਸੋਚਣਾ ਹੈ
ਬੁੱਧੀ ਦਾ ਕਿਰਦਾਰ ਹੈ
ਦਿਲ ਜਜ਼ਬੇ ਦਾ ਉਬਾਲ ਹੈ
ਬੁੱਧੀ ਤਰਕ ਹੈ ਦਿਲ ਦਿਆਲ ਹੈ

-0-

ਦਿਲ ਦੇ ਰਿਸ਼ਤੇ 'ਚ
ਤੇਰੀ ਖੁਸ਼ੀ ਮੇਰੀ ਖੁਸ਼ੀ ਹੈ
ਤੇਰੇ ਲਹੂ 'ਚ ਮੈਂ ਆਪਣਾ ਆਪਾ ਢਾਲਾਂਗਾ
ਤੇਰਿਆਂ ਰਾਹਾਂ 'ਚ
ਮੈਂ ਪਿਘਲ ਜਾਵਾਂਗਾ
ਤੇਰਿਆਂ ਨੈਣਾਂ ਦਾ ਅੱਥਰੂ ਬਣਾਂਗਾ
ਆਪਣਾ ਆਪ ਤੇ
ਆਪਣੀ ਹਸਤੀ ਮਿਟਾਵਾਂਗਾ
ਆਪਣੀ ਪਹਿਚਾਣ ਖੋਹ ਦੇਵਾਂਗਾ
ਤੇਰੀ ਪਹਿਚਾਣ ਹੋ ਜਾਵਾਂਗਾ

-0-

ਚੁੱਪ ਉਦਾਸੀ ਤੇ ਇਕੱਲਤਾ
ਦਿਲ ਨਹੀਂ
ਬੁੱਧੀ ਦਿਲ ਦੀ ਧਰਤੀ ਤੇ ਉੱਗਾਉਂਦੀ ਹੈ
ਦਿਲ ਦੀ ਜਗਮਗਾਉਂਦੀ ਦਨੀਆਂ
ਖੰਡਰ ਕਰਦੀ ਹੈ
ਬੁੱਧੀ ਸੱਚ ਲਈ
ਝੂਠ ਬੋਲਣ ਦੇ ਪ੍ਰਯੋਜਨ ਦੇ ਅਹਿਸਾਸ ਤੋਂ
ਦਿਲ ਦੀ ਥਾਂ ਊਣੀ ਹੈ

ਸੱਚ ਲਈ ਝੂਠ ਬੋਲਣ ਦੀ ਸਚਾਈ
ਸਮਝਣ ਤੋਂ ਵਿਹੂਣੀ ਹੈ

-0-

ਬੁੱਧੀ ਤਰਕ ਹੈ ਖ਼ਾਲਿਸ
ਹਾਵ ਭਾਵ ਤੋਂ ਸੱਖਣੀ ਹੈ
ਸਿਰਫ਼ ਵਿਜੈ ਦੀ ਹਾਮੀ ਹੈ
ਹਾਰ ਦੀ ਕੁੱਖ ਤੋਂ ਅਣਜਾਣ ਹੈ
ਜੋ ਵਿਜੈ ਦੀ ਜਣਨੀ ਹੈ

-0-

ਦਿਲ ਚੋਂ ਹਾਵਭਾਵ ਦਾ ਬੀਜ
ਰੁੱਖ ਬਣਕੇ ਜੰਗਲ ਬਣਕੇ ਉੱਗਦਾ ਹੈ
ਧੁੱਪਾਂ 'ਚ ਫੈਲਦਾ ਹੈ
ਛਾਵਾਂ 'ਚ ਸੁੰਘੜਦਾ ਹੈ
ਵਫ਼ਾ ਤੇ ਜ਼ਫ਼ਾ ਦਾ ਲਿਬਾਸ ਪਹਿਨਕੇ,
ਪਿਆਰ ਦੀ
ਰਣਭੂਮੀ 'ਚ ਉਤਰਦਾ ਹੈ
ਸੂਰਜ ਵਾਂਗ ਚੜ੍ਹਦਾ ਹੈ
ਤਾਰਿਆਂ ਵਾਂਗ ਅੰਬਰ ਤੇ ਖਿਲਰਦਾ ਹੈ
ਸਾਗਰ ਤਰਦਾ ਹੈ
ਸਹਿਰਾ ਤਰਦਾ ਹੈ
ਨਦੀਆਂ ਦਰਿਆਵਾਂ ਵਾਂਗ
ਸਾਗਰ ਨੂੰ ਮਿਲਦਾ ਹੈ
ਬੱਦਲ ਚੋਂ ਬਣਕੇ ਕਣੀਆਂ
ਧਰਤੀ ਤੇ ਡਿੱਗਦਾ ਹੈ

-0-

ਦਿਲ ਦੀ ਦੁਨੀਆਂ
ਅਹਿਸਾਸ ਅਨੁਭਵ ਜਜ਼ਬੇ ਤੇ
ਵਿਸ਼ਵਾਸ ਤੇ ਅਧਾਰਤ ਹੈ

ਬੁੱਧੀ ਦੀ ਦੁਨੀਆਂ ਹੈ
ਕਿੱਲ੍ਹਾ ਪੱਥਰ ਦਾ
ਦਿਲ ਦੀ ਦੁਨੀਆਂ ਪਿਆਰ ਦੀ
ਇਮਾਰਤ ਹੈ

-0-

ਦਿਲ ਦੀ ਧਰਤ ਤੇ ਜ਼ਮੀਰ ਵੱਖਰੀ ਹੈ
ਬੁੱਧੀ ਤਰਕ ਦਾ ਅਥਾਹ ਹੈ ਅਧਾਰ ਹੈ
ਬੁੱਧੀ ਤਰਕ ਦੇ ਜਜ਼ਬੇ ਤੋਂ ਅਣਜਾਣ ਹੈ
ਜਦ ਜਜ਼ਬਾ
ਬੁੱਧੀ ਤੇ ਤਰਕ ਦਾ ਮੁੱਢ ਹੈ ਮੂੱਲ ਹੈ
ਦਿਲ ਦੀ ਸ਼ਕਲ ਸੀਰਤ ਹੈ
ਤਾਸੀਰ ਸੀਰਤ ਹੈ
ਦਿਲ ਦਾ ਵਿਸਥਾਰ ਸੀਰਤ ਹੈ
ਦਿਲ ਦਾ ਆਪਣਾ ਵਜ਼ੂਦ ਹੈ
ਦਿਲ ਦੀ ਦੁਨੀਆਂ 'ਚ
ਮੁਹੱਬਤ ਦਾ ਵਾਸਾ ਹੈ
ਵਫ਼ਾ ਤੇ ਜ਼ਫ਼ਾ ਚੋਂ ਜਨਮੇਂ ਪਿਆਰ ਦਾ
ਖੁਲਾਸਾ ਹੈ

-0-

ਬੁੱਧੀ ਲਈ ਸਾਗਰ ਸਹਿਰਾ ਦੀ ਹੋਂਦ ਵੱਖਰੀ ਹੈ
ਅੱਗਣ ਜਲ ਅਕਾਸ਼ ਹਵਾ ਵੱਖਰੀ ਹੈ
ਧਰਤੀ ਧਰਤੀ ਹੈ
ਨਜ਼ਰ ਨਜ਼ਰ ਹੈ
ਦ੍ਰਿਸ਼ਟੀ ਦ੍ਰਿਸ਼ਟੀ ਹੈ
ਦਿਲ 'ਚ ਸਾਗਰ ਵੀ ਹੈ ਸਹਿਰਾ ਵੀ ਹੈ
ਜਲ 'ਚ ਅੱਗਣ ਦਾ ਵਸੇਰਾ ਵੀ ਹੈ
ਅਕਾਸ਼ ਤੇ ਧਰਤੀ 'ਚ ਹਵਾ ਘੁਲੀ ਹੈ
ਧਰਤੀ ਦੀ ਦੇਹ 'ਚ
ਅਕਾਸ਼ ਦਾ ਡੇਰਾ ਹੈ

-0-

ਜੇ ਮੇਰੀ ਜ਼ੜ੍ਹਾ ਨੂੰ
ਤੇਰੀ ਵੜ੍ਹਾ ਦੀ ਪਿਉਂਦ ਲਗ ਜਾਏ
ਮੇਰੀ ਜ਼ੜ੍ਹਾ 'ਚ ਤੇਰੀ ਵੜ੍ਹਾ ਦੀ ਹੋਂਦ ਢਲ ਜਾਏ
ਜ਼ੜ੍ਹਾ ਦੀ ਜੜ੍ਹ ਚੋਂ
ਵੜ੍ਹਾ ਦੀ ਟਹਿਣੀ ਤੇ
ਵੜ੍ਹਾ ਦੇ ਫੁੱਲ ਖਿੜਣਗੇ
ਬੁੱਧੀ ਨੂੰ
ਇਸ ਕਾਰਜ ਪ੍ਰਣਾਲੀ 'ਚ
ਸਿਰਫ਼ ਪਿਉਂਦ ਦਾ ਅਹਿਸਾਸ ਹੈ
ਜੜ੍ਹ ਚੋਂ
ਵੜ੍ਹਾ ਦੇ ਰੱਸ ਦਾ ਗਿਆਨ ਨਹੀਂ
ਵੜ੍ਹਾ ਦੇ ਫੁੱਲ ਖਿੜਣ ਦਾ ਅਨੁਭਵ ਨਹੀਂ
ਬੁੱਧੀ ਬਸ ਤ੍ਰਕ ਤੱਕਦੀ ਹੈ
ਤਰਕ ਨੂੰ ਵੀਰਯ ਤੇ ਕੁੱਖ ਦਾ ਅਹਿਸਾਸ ਨਹੀਂ

-0-

ਜੇ ਆਪਾ ਬੁੱਧੀ 'ਚ ਜੀਵਾਂਗੇ
ਤਾਂ ਆਪਣਾ ਦਰਪਣ ਮੈਲਾ ਕਰਾਂਗੇ
ਆਪਣੇ ਆਪਣੇ ਚਿਹਰਿਆਂ 'ਤੇ
ਗਿਲੇ ਤੇ ਸ਼ਿਕਵੇ ਧਰਾਂਗੇ
ਮੈਲੇ ਦਰਪਣ ਚੋਂ ਆਪਣੇ ਚਿਹਰੇ
ਪਹਿਚਾਣ ਨਹੀਂ ਪਾਵਾਂਗੇ
ਇਕ ਦੂਜੇ ਦੇ ਵਿਪਰੀਤ ਟੁਰਾਂਗੇ
ਆਪਣੇ ਆਪ 'ਚ ਗੁਆਚ ਜਾਵਾਂਗੇ
ਫਿਰ ਦਿਸਹੱਦੇ ਤੇ
ਜਿਮੀਂ ਤੇ ਅਕਾਸ਼ ਮਿਲਣ ਦਾ ਭਰਮ
ਵੀ ਨਹੀਂ ਰਹੇਗਾ
ਬੁੱਧੀ ਤੇਰੇ ਮੇਰੇ ਪਿਆਰ ਦੀ ਹੋਂਦ ਨੂੰ
ਮੇਟ ਦੇਵੇਗੀ
ਦੂਰੀਆਂ ਜਨਮੇਂਗੀ ਮਿਲਣ ਸਮੇਟ ਦੇਵੇਗੀ

-0-

ਆ
ਤੂੰ ਮੈਂ ਬੁੱਧੀ ਦੀ ਦੁਨੀਆ ਤਿਆਗ
ਦਿਲ ਦੀ ਦੁਨੀਆਂ 'ਚ ਜਾ ਰਹੀਏ
ਤੂੰ ਮੇਰੇ ਦਿਲ 'ਚ ਉਤਰਦੀ ਚਲੀ ਜਾਵੇਂ
ਮੈਂ ਤੇਰੇ ਦਿਲ 'ਚ ਸਮਾਂਦਾ ਚਲਾ ਜਾਵਾਂ
ਤੇਰੇ ਰਾਹਾਂ 'ਚ ਨੈਣ ਵਿਛਾਂਦਾ ਚਲਾ ਜਾਵਾਂ
ਤੇਰਾ ਗ਼ਮ ਪੀਂਦਾ ਚਲਾ ਜਾਵਾਂ
ਤੇਰੇ ਜ਼ਖ਼ਮ ਸੀਂਦਾ ਚਲਾ ਜਾਵਾਂ
ਮੇਰੀ ਜਾਨ ਤੇਰੀ ਦੇਹ 'ਚ ਹੋਵੇ
ਤੇਰੀ ਦੇਹ ਨੂੰ ਜੀਂਦਾ ਚਲਾ ਜਾਵਾਂ ।

------

## ਘੋੜਾ

ਮੈਂ ਆਪਣੇ ਘੋੜੇ ਤੋਂ ਸਭ ਕੁੱਝ ਉਤਾਰ
ਘੋੜੇ ਨੂੰ ਵ੍ਹਾਣ 'ਚ ਛੱਡ ਦਿੱਤਾ ਹੈ
ਘੋੜਾ ਆਪ੍ਣੇ ਹੱਡਾਂ ਨੂੰ ਫੈਲਾਉਂਦਾ ਹੈ
ਸੰਘੋੜਦਾ ਹੈ ਵ੍ਹਾਣ 'ਚ ਲਿਟਦਾ ਹੈ
ਆਪਣੇ ਪਿੰਡੇ ਚੋਂ ਥਕਾਵਟ ਨਿਚੋੜਦਾ ਹੈ
ਤੇ ਆਪਣੇ ਅੰਦਰ ਉੱਗ ਆਈਆਂ
ਪੱਗਡੰਡੀਆਂ ਤੇ ਦੌੜਦਾ ਹੈ

-0-

ਇਹ ਸਭ ਮੇਰੇ ਹੁਣ ਦੇ ਪਲ ਤੇ
ਅੰਤਰੀਵ ਭਾਵਾਂ ਚੋਂ ਉਪਜਿਆ ਹੈ
ਮੈਂ ਆਪਣੇ ਆਪ ਤੋਂ ਬੇਫ਼ਿਕਰ ਹੋ
ਆਪਣੇ ਰੁੱਖ ਦੀ ਛਾਂ ਹੇਠ ਬਹਿੰਦਾ ਹਾਂ
ਰੁੱਖ ਚੋਂ ਆਪਣਾ ਚਿਹਰਾ ਤੱਕਦਾ ਹਾਂ
ਖਿੱੜਦਾ ਹਾਂ ਤੇ ਹੱਸਦਾ ਹਾਂ
ਪੌਣ ਵਾਂਗ ਵਗਦਾ ਹਾਂ ਝਰਨੇ ਵਾਂਗ ਫੁੱਟਦਾ ਹਾਂ
ਦਰਿਆਵਾਂ ਵਾਂਗ ਟੁਰਦਾ ਹਾਂ
ਆਪਣੇ ਆਪ ਤੋਂ
ਜਦ ਆਪਣੀ ਦੇਹ ਲਾਹ ਕੇ ਸੁੱਟਦਾ ਹਾਂ

-0-

ਮੇਰੀ ਇਕੱਲਤਾ ਚੋਂ ਰੌਣਕ ਜਨਮਦੀ ਹੈ
ਮੇਰੀ ਚੁੱਪ ਚੋਂ ਸ਼ੋਰ ਉੱਠਦਾ ਹੈ
ਮੇਰੀ ਉਦਾਸੀ ਚੋਂ ਖ਼ੁਸ਼ੀ ਪੁੰਗਰਦੀ ਹੈ
ਮੇਰੀ ਮਨੋਦਸ਼ਾ ਦੇ ਅਸਮਾਨ ਤੇ ਸੂਰਜ
ਚਮਕਦਾ ਹੈ
ਜੋ ਮੇਰੀ ਹੋਂਦ ਨੂੰ ਰੁਸ਼ਨਾਉਂਦਾ ਹੈ
ਮੇਰੀ ਦੇਹ 'ਚ ਫੈਲੀਆਂ ਢਹਿੰਦੀਆਂ
ਕਲਾਂ ਦਾ ਵਜੂਦ ਮਿਟਾਂਦਾ ਹੈ
ਮੇਰੇ ਜ਼ਿਹਨ ਦੇ ਮਾਰੂਥਲ 'ਚ
ਬੱਦਲਾਂ ਤੇ ਛਾਵਾਂ ਦੇ ਜੰਗਲ ਉੱਗਾਂਦਾ ਹੈ

-0-

ਮੈਂ
ਆਪਣੀਆਂ ਖੁਸ਼ਬੂਆਂ ਫੜਦਾ ਹਾਂ
ਪੌਣਾਂ ਸੰਗ ਰਲਦਾ ਹਾਂ
ਅੰਬਰ ਤੇ ਧਰਤ ਤੇ ਫੈਲਦਾ ਹਾਂ
ਰਾਤ ਦੇ ਆਂਚਲ 'ਚ
ਚੰਨਾਂ ਤਾਰਿਆਂ ਵਾਂਗ ਝਿਲ੍ਹਕਦਾ ਹਾਂ
ਸੱਜਰੀ ਸੁਬ੍ਹਾ ਦਾ ਸੂਰਜ ਬਣਕੇ
ਚੜ੍ਹਦਾ ਹਾਂ

-0-

ਨਵੇਂ ਸੂਰਜ ਨਵੀਂ ਦੁਨੀਆਂ
ਨਵੀਂ ਜ਼ਿੰਦਗੀ ਦਾ ਆਗਾਜ਼ ਹੁੰਦਾ ਹੈ
ਰੌਸ਼ਨੀ ਮੇਰੇ ਸੰਗ ਸੰਗ ਟੁਰਦੀ ਹੈ
ਮੇਰੀ ਧੁੱਪ 'ਚ ਪਿਘਲਦੀ ਹੈ
ਮੇਰੀ ਛਾਂ 'ਚ ਠਰਦੀ ਹੈ
ਮੈਂ ਭੂਤ ਤੋਂ ਭਵਿੱਖ ਤਕ ਜਗਦਾ ਹਾਂ
ਮੇਰੀ ਦੇਹ 'ਚ ਨੂਰ ਦੀ ਇਕ ਨਦੀ ਵਗਦੀ ਹੈ
ਜੋ ਨਵੀਆਂ ਧਰਤੀਆਂ ਨਵਾਂ ਅੰਬਰ
ਨਵੀਂ ਪ੍ਰਕਿਰਤੀ ਮੇਰੇ ਦੁਆਲੇ
ਸਿਰਜਦੀ ਹੈ
ਨਵਾਂ ਅੰਬਰ ਮੇਰੇ ਸਿਰ ਤੇ ਚੰਨਾਂ
ਤਾਰਿਆਂ ਦੀ ਲੋਅ ਕਰਦਾ ਹੈ
ਮੇਰੀ ਧਰਤੀ
ਮੇਰਿਆਂ ਪੈਰਾਂ 'ਚ ਨਵੀਆਂ ਮੰਜ਼ਲਾਂ
ਤੇ ਰਾਹ ਧਰਦੀ ਹੈ

-0-

ਮੇਰੀ ਕਾਇਆਕਲਪ 'ਚ
ਮੇਰੇ ਦੁਆਲੇ ਦਾ ਵੀ ਕਾਇਆਕਲਪ
ਹੁੰਦਾ ਹੈ

ਸੂਰਜ ਉਂਗਲੀ ਫੜਕੇ ਟੁਰਦਾ ਹੈ ਮੇਰੀ
ਮੇਰਾ ਮਸਤਕ ਚਾਨਣ 'ਚ ਭੱਖਦਾ ਹੈ
ਮੇਰੇ ਸਾਵੇਂ ਮੁਸੀਬਤਾਂ ਦਾ ਰੰਗ ਜ਼ਰਦ ਹੁੰਦਾ ਹੈ
ਮੈਂ ਅੱਖਰਾਂ ਤੋਂ ਅਰਥ ਹੋ ਜਾਂਦਾ ਹਾਂ
ਅਰਥਾਂ ਦੇ ਸੰਕਲਪ 'ਚ ਉਤਰਦਾ ਹਾਂ
ਮੈਂ ਕੱਚ ਦਾ ਟੁਕੜਾ ਮੋਤੀ ਚ ਬਦਲਦਾ ਹਾਂ
ਮੈਂ ਜ਼ੱਰਾ ਅਰਸ਼ ਹੋ ਜਾਂਦਾ ਹਾਂ

-0-

ਕਦੀ ਪ੍ਰਕਿਰਤੀ 'ਚ ਬਦਲਦਾ ਹਾਂ
ਕਦੀ ਮਨੁੱਖਤਾ ਦੇ ਲਹੂ 'ਚ ਗਿੜਦਾ ਹਾਂ
ਮੇਰਾ ਹੀ ਚਿਹਰਾ
ਦੁਆਲੇ ਫੈਲ ਜਾਂਦਾ ਹੈ
ਸਾਗਰ ਤੇ ਟੁਰਦਾ ਹੈ ਪੌਣਾਂ 'ਚ ਠਹਿਰ
ਜਾਂਦਾ ਹੈ

-0-

ਕਦੀ ਆਪਣੇ ਆਪ 'ਚ ਜਮ੍ਹਾਂ ਹੁੰਦਾ ਹਾਂ
ਕਦੀ ਆਪਣੇ ਆਪ ਚੋਂ ਮਨਫ਼ੀ ਹੋ ਜਾਂਦਾ ਹਾਂ
ਆਪਣਾ ਆਪਾ
ਧੋ ਧੋ ਨਿਚੋੜਦਾ ਹਾਂ
ਸੁੱਕਾਉਂਦਾ ਹਾਂ ਤੇ ਫਿਰ ਪਹਿਨ ਲੈਂਦਾ ਹਾਂ
ਕਦੀ ਮੇਰੇ ਚਿਹਰੇ ਚੋਂ ਖਲਾਅ ਜਨਮਦਾ ਹੈ
ਕਦੀ ਸਾਗਰ
ਨਦੀਆਂ ਦਰਿਆ ਜਨਮਦੇ ਹਨ
ਕਦੀ ਮੈਂ
ਆਪਣੇ ਰੱਬ ਦੇ ਜਿਸਮ 'ਚ ਉਤਰਦਾ ਹਾਂ
ਕਦੀ ਮੇਰੇ ਚੋਂ
ਮੇਰਾ ਖ਼ੁਦਾ ਜਨਮਦਾ ਹੈ

ਇੱਕ ਜ਼ੱਰੇ ਦੀ ਕੁੱਖ ਚੋਂ
ਅਥਾਹ ਜਨਮਦਾ ਹੈ
ਇਕ ਰੰਕ ਦੀ ਦੁਆ ਚੋਂ
ਬਾਦਸ਼ਾਹ ਜਨਮਦਾ ਹੈ

–0–

ਮੇਰੇ ਖਲੋਤੇ ਜਲ ਨੇ ਟੁਰਨਾ ਸਿੱਖ ਲਿਆ ਹੈ
ਮੇਰੀ ਇਕੱਲਤਾ ਉਦਾਸੀ ਤੇ ਚੁੱਪ
ਬਹੁਤ ਪਿੱਛੇ ਰਹਿ ਗਈਆਂ ਹਨ
ਮੈਂ ਦੁਆਲੇ ਦੇ ਹਾਲਾਤ ਤੇ
ਆਪਣੀ ਦੇਹ ਦੁਆਲੇ ਉੱਗ ਆਏ ਮਾਰੂਥਲ ਦਾ
ਕਦੀ ਗਿਲਾ ਨਹੀਂ ਕੀਤਾ
ਕਦੀ ਸ਼ਿਕਵਾ ਨਹੀਂ ਕੀਤਾ
ਆਪਣੇ ਹਾਲਾਤ ਤੇ ਆਪਣੇ ਹਨ੍ਹੇਰੇ ਦਾ
ਕਦੀ ਵੀ ਦੋਸ਼ ਨਹੀਂ ਧਰਿਆ
ਮੈਂ ਭਾਣੇ 'ਚ ਰਿਹਾ ਹਾਂ
ਭਾਣਾ ਹੀ ਮੰਨਿਆ ਹੈ
ਮੈਂ ਉਹ ਸੱਚ ਵੇਖਿਆ ਹੈ
ਜੋ ਅਰਬ ਦੇ ਸ਼ਹਿਰਾਂ ਦੇ ਇੱਕ ਇੱਕ ਜ਼ੱਰੇ ਤੋਂ
ਅਸਮਾਨ ਦੇ ਇੱਕ ਇੱਕ ਤਾਰੇ 'ਚ ਵਸਿਆ ਹੈ
ਫੁੱਲਾਂ 'ਚ ਖਿੱੜਿਆ ਹੈ
ਮੌਸਮਾਂ 'ਚ ਹੱਸਿਆ ਹੈ

–0–

ਜਦੋਂ ਮੈਂ
ਆਪਣੇ ਆਪ ਤੋਂ ਆਪਣੀ
ਦੇਹ ਉਤਾਰੀ ਹੈ
ਇਕ ਨਵੀਂ ਦੁਨੀਆਂ ਸਿਰਜੀ ਹੈ
ਉਸਾਰੀ ਹੈ
ਨਵੀਂ ਦੁਨੀਆਂ 'ਚ
ਮਨੁੱਖ ਦਾ ਇਕ ਬੁੱਤ ਬਣਾਇਆ ਹੈ

ਜਿਸ ਦੇ ਪੈਰਾਂ 'ਚ ਨਵੀਂ ਧਰਤੀ
ਸਿਰ ਤੇ ਨਵਾਂ ਅੰਬਰ ਸਜਾਇਆ ਹੈ
ਬੁੱਤ ਦੀ ਦੇਹ 'ਚ ਖ਼ਲਾਅ ਵੀ ਰੱਖੇ ਹਨ
ਪ੍ਰਕਿਰਤੀ ਵੀ ਉਸਾਰੀ ਹੈ
ਚੰਨਾਂ ਸੂਰਜਾਂ ਤਾਰਿਆਂ ਦੇ ਬੁੱਤ 'ਚ
ਵਸੇਰਾ ਹੈ
ਬੁੱਤ ਦੀ ਦੇਹ 'ਚ ਕਾਇਨਾਤ ਸਾਰੀ ਹੈ
ਬੁੱਤ ਦੀ ਮੂਰਤੀ ਮਾਨਵ ਮੰਦਰ 'ਚ
ਉਤਾਰੀ ਹੈ
ਇਕ ਬੁੱਤ ਮਾਨਵ ਦਾ ਰੂਪ ਹੈ
ਮਾਨਵ 'ਚ ਵਸਦਾ ਮਾਨਵ ਦੀ ਹੋਂਦ
ਦਾ ਸੱਚ ਹੈ
ਸ਼ਬਦ ਦਾ ਅਰਥ ਹੈ
ਅਰਥ ਦਾ ਸੰਕਲਪ ਹੈ

-0-

ਮੈਂ ਜੋ ਆਦਿ ਮਾਨਵ ਦੇ ਰੂਪ 'ਚ
ਆਪਣੇ ਅਨੁਭਵ 'ਚ ਹੰਢਾਇਆ ਹੈ
ਆਪਣੀ ਦੇਹ ਦੀ ਪ੍ਰਯੋਗਸ਼ਾਲਾ 'ਚ ਪ੍ਰਯੋਗਿਆ ਹੈ
ਯੁੱਗਾਂ ਤੋਂ ਧਿਆਇਆ ਹੈ
ਇਸਦਾ ਰੂਪ ਮਨੁੱਖ ਦੇ ਸਵੈ 'ਚ
ਪਾਇਆ ਹੈ
ਸੰਕਲਪ ਤੋਂ ਅਰਥ ਅਰਥ ਤੋਂ ਸ਼ਬਦ ਹੈ
ਅੱਜ ਇਹ ਉਤਰ ਆਇਆ ਹੈ

-0-

ਇਹ ਬੁੱਤ ਮਨੁੱਖ ਦੇ ਸਵੈ
ਦਾ ਰੂਪ ਹੈ ਸਰੂਪ ਹੈ
ਮਨੁੱਖ ਦੀ ਦੇਹ ਦਾ ਸਿਰਜਕ ਹੈ
ਵਿਸਥਾਰ ਹੈ
ਮਨੁੱਖ ਹੈ ਮਨੁੱਖਤਾ ਹੈ ਸੰਸਾਰ ਹੈ
ਮੌਤ ਤੋਂ ਪਹਿਲਾਂ ਵੀ ਹੈ ਪਿੱਛੋਂ ਵੀ ਹੈ
ਦੇਹ ਦੇ ਅੰਦਰ ਵੀ
ਦੇਹ ਦੇ ਬਾਹਰ ਵੀ ਹੈ

-0-

ਮੈਂ ਆਪਣੇ ਘੋੜੇ ਤੋਂ ਸਭ ਕੁਝ ਉਤਾਰਕੇ
ਘੋੜੇ ਨੂੰ ਵ੍ਹਾਣ 'ਚ ਛੱਡ ਦਿੱਤਾ ਹੈ
ਘੋੜਾ ਆਪਣੇ ਹੱਡਾਂ ਪੈਰਾਂ ਨੂੰ ਫੈਲਾਉਂਦਾ ਹੈ
ਸੰਘੋੜਦਾ ਹੈ
ਆਪਣੇ ਪਿੰਡੇ ਚੋਂ ਥਕਾਵਟ ਨਿਚੋੜਦਾ ਹੈ
ਤੇ ਆਪਣੇ ਮਸਤਕ 'ਚ ਉੱਗ ਆਈਆਂ
ਪੱਗਡੰਡੀਆਂ ਤੇ ਦੌੜਦਾ ਹੈ ।

------

## ਰੁੱਖ ਤੇ ਧੁੱਪ

ਐ ਰੁੱਖ
ਮੈਂ ਧੁੱਪ ਦਾ ਟੋਟਾ
ਆਪਣੀ ਛਾਂ ਹੇਠੋਂ ਉਠਾਵੀਂ ਨਾ
ਮੈਂ ਝੁਲਸ ਜਾਵਾਂਗਾ
ਤੇਰੇ ਬਿਨਾਂ ਮੈਂ ਕਿੱਧਰ ਜਾਵਾਂਗਾ
ਬੜੇ ਅਰਸੇ ਪਿੱਛੋਂ ਤੇਰੇ ਸਾਏ 'ਚ
ਬੈਠਾਂ ਹਾਂ
ਤੂੰ ਉਠਾਵੀਂ ਨਾ
ਨਹੀਂ ਤਾਂ ਮੈਂ ਤਿੜਕ ਜਾਵਾਂਗਾ
ਮਰ ਜਾਵਾਂਗਾ
ਆਪਣੀ ਮੌਤ ਦਾ ਇਲਜ਼ਾਮ
ਤੇਰੇ ਸਿਰ ਧਰ ਜਾਵਾਂਗਾ

-0-

ਜਿਸ ਜਿਸ ਥਾਂ ਤੇ
ਤੂੰ ਕਦਮ ਧਰੇਂਗਾ
ਤੇਰੇ ਹਰ ਕਦਮ ਚੋਂ ਮੈਂ ਉੱਗ ਆਵਾਂਗਾ
ਮੈਂ ਭਾਵੇਂ ਕਿਨ੍ਹਾਂ ਲੰਮੇਰਾ ਹੋ ਜਾਵਾਂ
ਤੇਰੀ ਦੇਹ ਤੋਂ
ਮੈਨੂੰ ਮਾਫ਼ ਕਰ ਦੇਵੀਂ
ਮੈਂ ਤੇਰੀ ਦੇਹ 'ਚ ਪਰਤ ਆਵਾਂਗਾ
ਤੇਰਾ ਸਾਇਆ ਕਹਾਵਾਂਗਾ

-0-

ਤੇਰੀ
ਜੇ ਮਿਹਰ ਮੇਰੇ ਤੇ ਨਜ਼ਰ ਹੋ ਜਾਵੇ
ਮੈਂ ਆਪਣੇ ਆਪ ਚੋਂ ਜੰਗਲ ਉੱਗਾਵਾਂਗਾ
ਤੇਰੇ ਚਰਨੀਂ ਧਰਾਂਗਾ
ਤੇਰੀ ਪ੍ਰਕਰਮਾ ਕਰਾਂਗਾ
ਤੇਰੇ ਬੀਜ ਚੋਂ ਹੀ ਉੱਗਾਂਗਾ
ਤੇਰੇ ਬੀਜ 'ਚ ਹੀ ਮਰ ਜਾਵਾਂਗਾ

-0-

ਮੈਂ ਤੇਰੇ ਤੋਂ ਥੋੜੀ ਦੂਰ ਤੇ ਵਸਦਾ
ਟੋਟਾ ਧੁੱਪ ਦਾ ਹਾਂ
ਤੇਰੇ ਵਾਂਗ ਬੋਲ ਚੁੱਪ ਦਾ ਹਾਂ
ਮੇਰੀ ਧੁੱਪ
ਮੈਨੂੰ ਆਪਣੇ 'ਚ ਉਤਾਰਨਾ
ਚਾਹੁੰਦੀ ਸੀ
ਫੁੱਲਾਂ ਕਲੀਆਂ ਤੇ ਰਾਹੀਆਂ ਦੇ
ਪਿੰਡੇ ਸਾੜਣਾ ਚਾਹੁੰਦੀ ਸੀ
ਹਰਿਆਉਲੇ ਜੰਗਲਾਂ 'ਚ ਅੱਗਾਂ
ਉਤਾਰਨਾ ਚਾਹੁੰਦੀ ਸੀ
ਉਹ ਅੱਗ ਜਿਉਂਦੀ ਸੀ ਅੱਗ ਸਿਰਜਦੀ
ਅੱਗ ਹੰਢਾਉਂਦੀ ਸੀ
ਮੈਨੂੰ ਵੀ ਆਪਣਾ ਹੀ ਰੂਪ ਬਣਾਉਂਦੀ ਸੀ

-0-

ਉਹ ਆਪਣੀਆਂ ਤਲੀਆਂ 'ਤੇ
ਸੂਰਜਾਂ ਦੇ ਗੋਲੇ ਟਿੱਕਾਈ ਫਿਰਦੀ ਸੀ
ਮੈਂ ਉਹਦੇ ਵਤੀਰੇ ਤੇ ਅਨੁਭਵ ਤੋਂ
ਦੁੱਖੀ ਹੋ.ਕੇ
ਤੇਰੀ ਛਾਂ ਹੇਠ ਆ ਬੈਠਾਂ
ਕੁੱਝ ਪਲ ਸਾਹ ਲੈ ਬੈਠਾਂ
ਤੇਰੀ ਹਰਿਆਵਲ ਆਪਣੇ ਨੈਣਾਂ 'ਚ
ਪਾ ਬੈਠਾਂ
ਤੇਰੀ ਛਾਂ ਹੇਠ ਬੈਠਾ ਵੇਖ ਮੈਨੂੰ
ਉਹ ਕੰਡ ਦੇ ਕੇ ਟੁਰ ਗਈ
ਮੇਰੀ ਧੁੱਪ ਸਹਿਰਾ ਦੀ ਅੱਗ ਸੀ
ਸਹਿਰਾ 'ਚ ਮੁੜ ਗਈ

-0-

ਤੂੰ ਵੀ ਤਾਂ
ਸਾਰਾ ਦਿਨ ਧੁੱਪਾਂ ਜਿਉਂਦਾ ਹੈਂ
ਸਿਰ ਤੇ ਧੁੱਪਾਂ ਹੰਢਾਉਂਦਾ ਹੈਂ
ਧੁੱਪਾਂ ਹੀ ਖਾਂਦਾ ਹੈਂ
ਧੁੱਪਾਂ ਹੀ ਪੀਂਦਾ ਹੈਂ
ਧੁੱਪਾਂ 'ਚ ਮਰਦਾ ਹੈਂ ਧੁੱਪਾਂ 'ਚ ਜੀਂਦਾ ਹੈਂ
ਪਰ
ਧੁੱਪਾਂ ਨਹੀਂ ਵੰਡਦਾ
ਛਾਵਾਂ ਵੰਡਦਾਂ ਹੈਂ
ਹਰਿਆਵਲ ਬੀਜਦਾ ਹੈਂ
ਸੜਦੇ ਰਾਹੀਆਂ ਨੂੰ ਠਾਰਦਾ ਹੈਂ
ਆਪਣੀ ਠੰਡਕ
ਧਰਤੀ 'ਚ ਉਤਾਰਦਾ ਹੈਂ

-0-

ਇਹ ਸਭ ਕੁਝ ਮੈਂ
ਤੇਰੀ ਛਾਂ ਤੋਂ ਸਿੱਖਿਆ ਹੈ
ਤੇਰੀ ਛਾਂ ਤੋਂ ਪਾਇਆ ਹੈ
ਤੇਰੀ ਗੋਦ ਨੇ ਮੈਨੂੰ
ਜ਼ਿੰਦਗੀ ਦਾ ਜ਼ਹਿਰ ਚੂਸਨਾ
ਤੇ ਅੰਮ੍ਰਿਤ ਵੰਡਣਾ ਸਿੱਖਾਇਆ ਹੈ
ਤੇਰੇ ਪੰਛੀਆਂ ਦੇ ਆਲ੍ਹਣਿਆਂ 'ਚ
ਜ਼ਿੰਦਗੀ ਦਾ ਵਸੇਰਾ ਹੈ
ਤੂੰ ਬੀਜ ਚੋਂ ਰੁੱਖ ਰੁੱਖ 'ਚ ਫ਼ਲ
ਫ਼ਲ ਚੋਂ ਬੀਜ ਉਗਾਂਦਾ ਹੈਂ
ਤੂੰ ਆਪਣੇ ਜੀਂਦੇ ਜੀਅ ਹੀ
ਆਪਣੇ ਬੀਜ ਚੋਂ ਪੁੰਗਰ ਆਉਂਦਾ ਹੈਂ
ਇਸ ਲਈ ਤੂੰ ਅਮਰ ਹੈਂ
ਮ੍ਰਿਤਯੂ ਰਹਿਤ ਕਹਾਉਂਦਾ ਹੈ

-0-

ਧੁੱਪ ਚੜ੍ਹਦੀ ਹੈ ਢਲਦੀ ਹੈ
ਜਿਉਂਦੀ ਤੇ ਮਰਦੀ ਹੈ
ਮਰਨ ਜਿਉਣ ਦੇ ਚੱਕਰ 'ਚ
ਗਲਦੀ ਤੇ ਸੜਦੀ ਹੈ
ਅੱਗ ਜਨਮਦੀ ਤੇ
ਆਪਣੀ ਹੀ ਅੱਗ 'ਚ ਸੜਦੀ ਹੈ
ਜੀਵਨ ਦਾ ਪ੍ਰਯੋਜਨ ਸਮਝਣ ਦੀ ਥਾਂ
ਆਪਣਾ ਪ੍ਰਯੋਜਨ ਸਿੱਧ ਕਰਦੀ ਹੈ
ਜੀਵਨ ਪੱਗਡੰਡੀਆਂ ਤੇ
ਅੰਗਿਆਰ ਧਰਦੀ ਹੈ

-0-

ਮੈਂ ਧੁੱਪ ਦਾ ਟੋਟਾ
ਮੈਨੂੰ ਜੀਵਨ ਪ੍ਰਯੋਜਨ ਸਮਝ ਆਇਆ ਹੈ
ਮੇਰੀਆਂ ਰਗਾਂ 'ਚ ਜੰਗਲ ਦਾ
ਹਰਿਆਉਲਾ ਲਹੂ ਸਮਾਇਆ ਹੈ
ਮੈਂ ਛਾਵਾਂ ਨੂੰ
ਸਿਮਰਿਆ ਰੁੱਖਾਂ ਨੂੰ ਧਿਆਇਆ ਹੈ
ਮੈਂ ਤੇਰੀ ਛਾਂ ਹੇਠਾਂ
ਜਿੰਨਾ ਵੀ ਝੱਟ ਲੰਘਾਇਆ ਹੈ
ਮੈਨੂੰ ਆਪਣਾ ਤੇ
ਜੀਵਨ ਦਾ ਸੱਚ ਸਮਝ ਆਇਆ ਹੈ

-0-

ਤੇਰੀ ਛਾਂ ਨੇ
ਆਪਣੇ ਦਰਪਣ ਚੋਂ
ਮੈਨੂੰ ਮੇਰਾ ਚਿਰਾਗ ਵਿਖਾਇਆ ਹੈ
ਫ਼ਲ ਦੀ ਆਸ ਤੋਂ ਬਿਨਾਂ ਕਰਮ ਕਰਨਾ
ਕਰਮ ਵੀ ਭੱਲੇ ਦਾ
ਡੀਕ ਕੇ ਗ਼ਮ ਦਾ ਸਮੁੰਦਰ

ਹਾਸੇ ਤੇ ਖੁਸ਼ੀਆਂ ਵੰਡਦਾ ਹੈ
ਜ਼ਿੰਦਗੀ ਦੇ ਅੰਗੀਂ ਅੱਗ ਦੀ
ਥਾਂ ਨਿੱਘ ਧਰਨਾ ਹੈ
ਨਿਸ਼ਕਾਮ ਕਰਮ
ਜ਼ਿੰਦਗੀ ਦਾ ਖਾਲੀਪਣ ਭਰਦਾ ਹੈ
ਉਸਦਾ ਹੀ
ਮਰਨਾ ਤੇ ਜਿਉਣਾ ਸਫ਼ਲ ਹੈ
ਉਹ ਮੌਤ ਤੋਂ ਪਹਿਲਾਂ ਵੀ ਜਿਉਂਦਾ ਹੈ
ਮੌਤ ਤੋਂ ਪਿੱਛੋਂ ਵੀ ਜਿਉਂਦਾ ਹੈ
ਜੋ ਨਿਸ਼ਕਾਮ ਕਰਮ ਕਰਦਾ ਹੈ

-0-

ਐ ਰੁੱਖ
ਮੈਂ ਧੁੱਪ ਦਾ ਟੋਟਾ
ਆਪਣੀ ਛਾਂ ਹੇਠੋਂ ਉਠਾਵੀਂ ਨਾ
ਮੈਂ ਝੁਲਸ ਜਾਵਾਂਗਾ
ਤੇਰੇ ਬਿਨਾਂ ਮੈਂ ਕਿੱਧਰ ਜਾਵਾਂਗਾ
ਬੜੇ ਅਰਸੇ ਪਿੱਛੋਂ
ਤੇਰੇ ਸਾਏ ਹੇਠ ਬੈਠਾ ਹਾਂ
ਤੂੰ ਉਠਾਵੀਂ ਨਾ
ਮੈਂ ਤਿੜਕ ਜਾਵਾਂਗਾ ਮਰ ਜਾਵਾਂਗਾ
ਆਪਣੀ ਮੌਤ ਦਾ ਇਲਜ਼ਾਮ
ਤੇਰੇ ਸਿਰ ਧਰ ਜਾਵਾਂਗਾ ।

------

## ਸ਼ਹਿਰ ਤੇ ਪਿੰਡ

ਆਪਣਾ ਅੰਦਰ ਖੋਲ੍ਹ ਸੜਕਾਂ ਤੇ ਵਿਛਾ
ਆਉਂਦੀ ਜਾਂਦੀ ਭੀੜ ਦੀਆਂ ਅੱਖਾਂ ਰਾਹੀਂ
ਭੀੜ ਦੇ ਦਿਲ 'ਚ ਉਤਰ ਜਾ
ਆਪਣਾ ਲਹੂ ਮਲਦੇ ਇਸ ਸ਼ਹਿਰ ਦੇ ਮੂੰਹ ਤੇ
ਜਿਸਦੀਆਂ ਨੀਹਾਂ 'ਚ ਕਈ ਸੁਫ਼ਨੇ ਮਰ ਗਏ
ਆ ਕੇ

-0-

ਸ਼ਹਿਰ ਤੇ ਸ਼ਹਿਰ ਦੇ ਲੋਕਾਂ ਦੀ ਜ਼ੁਬਾਨ 'ਤੇ
ਆਪਣਾ ਸ਼ਬਦ ਧਰ
ਸ਼ਬਦ ਦਾ ਅਰਥ ਲੋਕਾਂ ਦੀ ਬੁੱਧੀ ਤੇ
ਦੇਹ 'ਚ ਉਤਾਰ
ਸ਼ਹਿਰ ਦੀ ਇੱਕ ਇੱਕ ਇੱਟ
ਇੱਕ ਇੱਕ ਸੜਕ ਗਲੀਆਂ ਚੌਕਾਂ 'ਚ
ਬੀਜ ਦੇ ਅੱਖਾਂ
ਉੱਗਾ ਦੇ ਸਿਰ ਚੌਰਾਹਿਆਂ 'ਚ
ਗਰਮਾ ਦੇ ਲਹੂ ਸ਼ਹਿਰ ਦਾ
ਧਰਦੇ ਸੂਰਜਾਂ ਦੇ ਦੀਵੇ
ਸ਼ਹਿਰ ਦੀਆਂ ਕੰਧਾਂ 'ਤੇ

-0-

ਕਿ ਸੜਕ ਤੇ ਹਾਦਸਾ ਹੋਵੇ
ਤੇ ਚੀਕ ਸ਼ਹਿਰ ਦੇ ਫੇਫੜਿਆਂ ਚੋਂ ਲੰਘ ਜਾਵੇ
ਹਾਦਸੇ ਦੇ ਜ਼ੁਰਮ 'ਚ ਸ਼ਹਿਰ ਸੂਲੀ ਤੇ ਚੜ੍ਹ ਜਾਵੇ
ਸ਼ਹਿਰ ਦੇ ਜਿਸਮ 'ਚ
ਨਿਆਂ ਦਾ ਸੂਰਜ ਉੱਗ ਆਵੇ
ਨਿਆਂ ਦੀ ਮਹਿਕ ਸ਼ਹਿਰ ਦੀਆਂ ਗਲੀਆਂ
ਸੜਕਾਂ ਘਰਾਂ ਵਿਹੜਿਆਂ ਤੇ ਛੱਤਾਂ ਚੋਂ ਆਵੇ

-0-

ਸ਼ਹਿਰ ਦੀਆਂ ਨੀਹਾਂ 'ਚ
ਜੋ ਪਿੰਡ ਕਤਲ ਹੋਇਆ ਹੈ
ਉਸ ਕਤਲ ਦੇ ਸਬੂਤ ਲਈ
ਸ਼ਹਿਰ ਆਪਣੀ ਪ੍ਰਕਰਮਾ ਨਾ ਕਰੇ
ਆਪਣੇ ਅੰਦਰ ਤੇ ਬਾਹਰ ਨਾ ਝਾਕੇ
ਸਗੋਂ ਖ਼ੁਦ ਪਿੰਡ ਦੇ ਕਤਲ ਦਾ
ਗਵਾਹ ਬਣੇ
ਸ਼ਹਿਰ ਪਿੰਡ ਦਾ ਲਹੂ
ਆਪਣੀ ਦੇਹ 'ਚ ਘੋਲੇ
ਆਪਣੀ ਚੁੱਪ ਤੋੜੇ ਤੇ
ਜ਼ੁਬਾਨ ਪਿੰਡ ਦੀ ਬੋਲੇ

-0-

ਸ਼ਹਿਰ ਦੀਆਂ ਨੀਹਾਂ 'ਚ ਜੋ ਪਿੰਡ
ਮੋਇਆ ਪਿਆ ਹੈ
ਉਸਦੇ ਨਾਲ ਹੀ
ਉਸਦੀਆਂ ਨਦੀਆਂ ਦਰਿਆ ਜੰਗਲ
ਬੇਲੇ ਤੇ ਹਿਰਨਾਂ ਦੀਆਂ ਡਾਰਾਂ
ਬਾਗ਼ ਬਗ਼ੀਚੇ ਕਲੀਆਂ
ਫੁੱਲਾਂ ਦੀਆਂ ਕਤਾਰਾਂ
ਦਮ ਤੋੜ ਗਈਆਂ ਹਨ
ਪਿੰਡ ਦੀ ਰੌਣਕ ਖੁੱਲ੍ਹਾਪਣ ਸ਼ਹਿਰ
ਦੀਆਂ ਨੀਹਾਂ ਹੇਠ ਆ ਗਿਆ ਹੈ
ਪਿੰਡ ਦੇ ਲੋਕਾਂ ਦਾ ਸੁਭਾਅ ਸਭਿਆਚਾਰ
ਰਸਮਾਂ ਰੀਤਾਂ ਪ੍ਰਾਹੁਣਚਾਰੀ ਤੇ ਹਾਸੇ
ਸ਼ਹਿਰ ਖਾ ਗਿਆ ਹੈ
ਪਿੰਡ ਦੀ ਪ੍ਰਕਿਰਤੀ ਤੇ
ਹਰਿਆਵਲ 'ਚ ਸੋਕੇ ਬੀਜ ਗਿਆ ਹੈ
ਪਿੰਡ ਦੀ ਸ਼ਾਮ
ਤੇ ਚੜ੍ਹਦੀ ਸਵੇਰ ਦਾ ਹੁੱਸਨ ਝਰੀਟ
ਗਿਆ ਹੈ

-0-

ਪਿੰਡ ਦੀ ਜੜ੍ਹ ਚੋਂ ਉੱਗਿਆ ਸ਼ਹਿਰ
ਪਿੰਡ ਸ਼ਬਦ ਦੇ ਅਰਥ ਤੇ ਹੋਂਦ
ਖਾ ਗਿਆ ਹੈ
ਪਿੰਡ ਦੀ ਕੁੱਖ ਚੋਂ
ਸੀਮੈਂਟ ਤੇ ਲੋਹੇ ਦਾ ਜੰਗਲ ਉੱਗਾ
ਗਿਆ ਹੈ
ਪਿੰਡ ਦੀ ਧਰਤੀ ਲੂਹ ਗਿਆ ਹੈ
ਪਿੰਡ ਦੇ ਅੰਬਰ ਦੇ ਮੂੰਹ ਤੇ
ਫੱਟ ਲਾ ਗਿਆ ਹੈ

-0-

ਹੁਣ ਸ਼ਹਿਰ ਦਾ ਸੂਰਜ ਆਪਣਾ ਹੈ
ਚੰਨ ਤਾਰੇ ਅਕਾਸ਼ ਤੇ ਧਰਤੀ ਵੀ ਆਪਣੀ ਹੈ
ਦਿਨ ਵੀ ਆਪਣਾ ਹੈ ਰਾਤ ਵੀ ਆਪਣੀ ਹੈ
ਭਾਸ਼ਾ ਬੋਲੀ ਅਵਾਜ਼ ਤੇ ਬਾਤ ਵੀ ਆਪਣੀ ਹੈ
ਹੁਸਨ ਆਪਣਾ ਹੈ ਲਿਬਾਸ ਆਪਣਾ ਹੈ
ਸੁਰ ਆਪਣੀ ਹੈ ਸਾਜ਼ ਆਪਣਾ ਹੈ
ਗੀਤਾਂ ਰਸਮਾਂ ਤੇ ਸੱਭਿਆਚਾਰ ਆਪਣਾ ਹੈ
ਜੇ ਨਹੀਂ
ਤਾਂ ਮਨੁੱਖ ਆਪਣਾ ਨਹੀਂ
ਕੁਦਰਤ ਆਪਣੀ ਨਹੀਂ
ਸ਼ਹਿਰ ਬਿਜਲੀ ਦੇ ਖਿਡਾਉਣਿਆਂ ਦੀ
ਵਸੋਂ ਦੀ ਥਾਂ ਹੈ
ਜਿੱਥੇ ਕੁਦਰਤੀ ਧੁੱਪ ਹੈ ਨਾ ਛਾਂ ਹੈ
ਸ਼ਹਿਰ ਬੰਦੇ ਚੋਂ ਉੱਗੀ ਉਦਾਸੀ ਦਾ ਨਾਂ ਹੈ

-0-

ਕੰਪਿਊਟਰ ਯੁੱਗ 'ਚ
ਦੁਨੀਆਂ ਇਕ ਪੈਰ ਦਾ ਸਫ਼ਰ ਹੈ
ਸੂਰਜ ਦੇ ਡੁੱਬਣ ਤੇ ਚੜ੍ਹਣ ਦਾ ਫ਼ਾਸਲਾ
ਮਿਟ ਗਿਆ ਹੈ

ਸਮਾਂ ਪੈਰ ਪੁੱਟਣ ਤੋਂ ਪੈਰ ਧਰਨ ਤਕ
ਸਦੀਆਂ ਦਾ ਸਫ਼ਰ ਤਹਿ ਕਰਦਾ ਹੈ
ਬੋਧਿਕ ਯੁੱਗ 'ਚ
ਮਨੁੱਖ ਆਪਣੇ 'ਚ ਹੀ ਚੂਰ ਹੁੰਦਾ ਜਾ ਰਿਹਾ ਹੈ
ਆਪਣੇ ਆਪ ਚੋਂ ਕਿਰ ਰਿਹਾ ਹੈ
ਆਪਣੇ ਆਪ ਤੋਂ ਦੂਰ ਹੁੰਦਾ ਜਾ ਰਿਹਾ ਹੈ

-0-

ਬੰਦੇ ਚੋਂ
ਕੁਦਰਤ ਮਨਫ਼ੀ ਹੁੰਦੀ ਜਾ ਰਹੀ ਹੈ
ਬੰਦੇ 'ਚ ਚੁੱਪ ਉਦਾਸੀ ਤੇ ਇਕੱਲਤਾ
ਉੱਗਦੀ ਆ ਰਹੀ ਹੈ
ਕਮਰੇ ਦੀ ਚਾਰਦੁਆਰੀ 'ਚ
ਬੂਹਾ ਢੋਅ ਕੇ ਬਹਿ ਗਿਆ ਹੈ ਆਦਮੀ
ਬੰਦ ਕਮਰੇ 'ਚ
ਬੰਦ ਕਮਰਾ ਬਣਕੇ ਰਹਿ ਗਿਆ ਹੈ ਆਦਮੀ

-0-

ਸੂਰਜ ਚੰਨ ਅਕਾਸ਼ ਤਾਰੇ
ਬੰਦੇ ਨੇ ਆਪਣੇ ਸਿਰਜੇ ਅੰਬਰ 'ਚ
ਢੱਕ ਲਏ ਹਨ
ਕੁਦਰਤ ਦਾ ਸੱਚ
ਕਬਰਾਂ ਦੇ ਰਾਹ ਪਾ ਦਿੱਤਾ ਹੈ
ਕੁਦਰਤੀ ਸੱਚ ਦੇ ਪ੍ਰਛਾਵੇਂ
ਘਰਾਂ ਦੀਆਂ ਕੰਧਾਂ ਤੇ ਛੱਤਾਂ ਤੇ ਪੇਂਟ ਕੀਤੇ ਹਨ
ਨਜ਼ਰਾਂ 'ਚ ਵਸਾਏ ਹਨ
ਅਕਾਸ਼ ਛੋਹਦੀਆਂ ਬਿਲਡਿੰਗਾਂ ਦੁਆਲੇ
ਸੀਮੈਂਟ ਦੀ ਮਿੱਟੀ 'ਚ
ਜੰਗਲ ਉੱਗਾਏ ਹਨ
ਸੀਮੈਂਟ ਦੇ ਘੜਿਆਂ 'ਚ ਸਾਗਰ ਉਤਾਰੇ ਹਨ
ਆਪਣੇ ਬੈਕ ਯਾਰਡ 'ਚ
ਨਦੀਆਂ ਦਰਿਆ ਪਹਾੜ ਉਸਾਰੇ ਹਨ

-0-

ਜੰਗਲੀ ਜਾਨਵਰਾਂ ਦਾ ਝੁੰਡ
ਸ਼ੀਸ਼ੇ 'ਚ ਉਤਾਰਿਆ ਹੈ
ਕੁਦਰਤ ਦਾ ਜਿਸਮ ਤੇ ਲਹੂ
ਬਰੂਦ ਦੀ ਅੱਗ 'ਚ ਉਬਾਲਿਆ ਹੈ
ਸਾਗਰ ਦਾ ਜੀਵਨ
ਸ਼ੀਸ਼ੇ ਦੇ ਡੱਬੇ 'ਚ ਬੰਦ ਕਰਕੇ
ਟੇਬਲ ਤੇ ਸਜਾਇਆ ਹੈ
ਮਨੁੱਖ ਮਨੁੱਖ ਬਣਨ ਤੋਂ ਪਹਿਲਾਂ
ਖ਼ੁਦਾ ਬਣ ਆਇਆ ਹੈ

–0–

ਮਾਨਵ ਨੇ ਕੁਦਰਤ ਨਹੀਂ
ਕੁਦਰਤ ਦਾ ਪ੍ਰਛਾਵਾਂ
ਆਪਣੇ ਜ਼ਿਹਨ ਤੇ ਦੇਹ 'ਚ ਉਤਾਰਿਆ ਹੈ
ਆਪਣੀ ਧਰਤੀ ਕੁਦਰਤ ਦਰਿਆ ਨਦੀਆਂ
ਨਾਲੇ
ਆਪਣਾ ਨਿਜੀ ਅਕਾਸ਼ ਉਸਾਰਿਆ ਹੈ
ਅਜੋਕਾ ਮਨੁੱਖ
ਨਕਲ ਦੀ ਜੂਨ ਹੰਢਾਉਂਦਾ
ਆਪਣੇ ਹੀ ਨਕਲੀ ਦਿਖਾਂਵੇ ਹੇਠ ਆ ਗਿਆ ਹੈ
ਆਪਣੇ ਹੀ ਸੱਚ ਨੂੰ
ਮਨੁੱਖ ਆਪ ਖਾ ਗਿਆ ਹੈ

–0–

ਸਮੇਂ ਦੇ ਨਾਲ ਨਾਲ
ਮਨੁੱਖ ਦੇ ਸਿਰ ਚੋਂ ਪੈਰ
ਤੇ
ਸ਼ਹਿਰ ਦੇ ਸਿਰ ਚੋਂ ਨੀਹਾਂ ਫੁੱਟ
ਆਈਆਂ ਹਨ

ਸ਼ਹਿਰ ਨੂੰ
ਨੀਹਾਂ ਹੇਠ ਮੋਏ ਪਿੰਡ ਦਾ
ਅਹਿਸਾਸ ਹੋਇਆ ਹੈ
ਸ਼ਹਿਰ ਨੇ ਕੀ ਪਾਇਆ ਹੈ
ਕੀ ਗੁਆਇਆ ਹੈ
ਸ਼ਹਿਰ ਦੀ ਪੱਥਰ ਦੇਹ 'ਚ ਸੱਚ ਟੁਰਿਆ ਹੈ
ਸ਼ਹਿਰ
ਆਪਣਾ ਨਕਲੀਪਣ ਉਤਾਰ ਕੇ
ਪਿੰਡ ਦੇ ਸੱਚ ਵੱਲ ਮੁੜਿਆ ਹੈ

-0-

ਸ਼ਹਿਰ ਨੇ ਆਪਾ ਉਧੇੜਿਆ
ਤੇ ਬੁਣਿਆ ਹੈ
ਆਪਣੀ ਦੇਹ 'ਚ
ਪਿੰਡ ਦੀ ਸੀਰਤ ਅੰਗਾਂ ਨਕ਼ਸ਼ਾਂ
ਨੂੰ ਗੁੰਨਿਆ ਹੈ
ਪਿੰਡ ਦਾ ਸੱਚ
ਆਪਣੀ ਦੇਹ 'ਚ ਵਸਾਇਆ ਹੈ
ਸ਼ਹਿਰ ਦੀ ਦੇਹ ਚੋਂ
ਪਿੰਡ ਨਜ਼ਰ ਆਇਆ ਹੈ
ਪਿੰਡ ਹੀ ਸ਼ਹਿਰ ਦਾ ਅਸਲ ਸਰਮਾਇਆ ਹੈ

-0-


ਸ਼ਹਿਰ ਨੇ
ਜੋ ਆਪਣੀਆਂ ਨੀਹਾਂ 'ਚ ਗੁਆਇਆ ਸੀ
ਸ਼ਹਿਰ ਨੂੰ
ਆਪਣੀ ਛੱਤ ਤੇ ਉੱਗਦਾ ਨਜ਼ਰ ਆਇਆ ਹੈ
ਸ਼ਹਿਰ ਫਿਰ
ਆਪਣੀਆਂ ਨੀਹਾਂ ਵੱਲ ਟੁਰਿਆ ਹੈ
ਨੀਹਾਂ ਹੇਠ ਆਏ ਪਿੰਡ ਨੂੰ ਜਗਾਇਆ ਹੈ
ਸ਼ਹਿਰ ਪਿੰਡ ਦੇ ਪਿੰਡੇ 'ਚ ਸਮਾਇਆ ਹੈ
ਪਿੰਡ ਸ਼ਹਿਰ ਦੇ ਲਹੂ 'ਚ ਉਤਰ ਆਇਆ ਹੈ

ਸ਼ਹਿਰ ਨੇ ਮੁੜਕੇ ਪਿੰਡ ਨੂੰ ਧਿਆਇਆ ਹੈ
ਪਿੰਡ ਦੀ ਜੜ੍ਹ ਚੋਂ
ਸ਼ਹਿਰ ਨੇ ਆਪਣੇ ਵਜ਼ੂਦ ਦਾ ਸੱਚ ਪਾਇਆ ਹੈ

-0-

ਸ਼ਹਿਰ ਦੇ ਵਜ਼ੂਦ 'ਚ
ਸਿਰ ਤੋਂ ਪੈਰਾਂ ਤੀਕ ਪਿੰਡ ਹੀ ਪਿੰਡ ਹੈ
ਸ਼ਹਿਰ ਦੀਆਂ ਰਗਾਂ 'ਚ ਪਿੰਡ ਦਾ ਲਹੂ ਹੈ
ਪਿੰਡ ਦਾ ਵਜ਼ੂਦ ਹੈ
ਸ਼ਹਿਰ ਦੇ ਪ੍ਰਾਣਾਂ 'ਚ ਪਿੰਡ ਦੇ ਪ੍ਰਾਣ ਹਨ
ਸ਼ਹਿਰ ਦੇ ਪੈਰਾਂ 'ਚ
ਪਿੰਡ ਦੀ ਧਰਤ ਹੈ
ਸ਼ਹਿਰ ਦੇ ਸਿਰ ਤੇ ਪਿੰਡ ਦਾ ਆਸਮਾਂ ਹੈ
ਸ਼ਹਿਰ ਦੀ ਦੇਹ 'ਚ ਵਸਦਾ
ਪਿੰਡ ਦਾ ਜਹਾਨ ਹੈ
ਪਿੰਡ ਸ਼ਹਿਰ ਦੇ ਮੱਥੇ ਦੀ ਸ਼ਾਨ ਹੈ
ਪਿੰਡ ਦੇ ਬੀਜ 'ਚ ਸ਼ਹਿਰ ਦਾ ਰੁੱਖ ਹੈ
ਸ਼ਹਿਰ ਪਿੰਡ ਦਾ ਵਜ਼ੂਦ ਹੈ
ਪਿੰਡ ਸ਼ਹਿਰ ਦੀ ਕੁੱਖ ਹੈ ।

------



ਬਾਂਝ ਕਰਕੇ ਧਰਤੀ
ਹੁਣ ਮਨੁੱਖ ਦੀ ਅਕਾਸ਼ ਤੇ ਅੱਖ ਹੈ
ਫਿਰ ਚੰਨ ਦੀ ਚਾਨਣੀ 'ਚ ਤਪਸ਼ ਘੋਲੇਗਾ
ਸੂਰਜ ਦੀਆਂ
ਕਿਰਨਾਂ ਠੰਡੀਆਂ ਕਰੇਗਾ
ਮੈਲਾ ਹੋ ਜਾਏਗਾ ਅੰਬਰ
ਆਦਮੀ ਜਦ ਅੰਬਰ ਤੇ ਵਸੇਰਾ ਕਰੇਗਾ

-●-

ਤਾਰਿਆਂ ਦੇ
ਟਿਮਟਮਾਂਦੇ ਮਸਤਕ 'ਚ
ਹਨ੍ਹੇਰਾ ਧਰੇਗਾ
ਲਾਸ਼ ਧਰਤੀ ਦੀ
ਅਕਾਸ਼ ਦੇ ਹਵਾਲੇ ਕਰੇਗਾ
ਜੋ ਹਸ਼ਰ ਧਰਤੀ ਦਾ ਕੀਤਾ ਮਨੁੱਖ ਨੇ
ਉਹੀ ਹਸ਼ਰ
ਅੰਬਰ ਦਾ ਕਰੇਗਾ

ਚਰਨ ਸਿੰਘ